# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ AMRITSAR

## ਗੁਰਦਵਾਰਾ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ)

ਨਵੰਬਰ ੧੯੮੩

NOV 1983



ਜਨਮ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ

www.AKJ.Org

# ਤਤਕਰਾ


| | | |
|---|---|---|
| ਵਾਹ ਵਾਹ ਗੁਰ ਪਤਿਤ ਉਧਾਰਨੰ | ਭਾ: ਸਾ: ਭਾਈ ਨੰਦ ਲਾਲ ਸਿੰਘ ਜੀ | ੩ |
| ਬਾਬਾ ਵੈਦ ਰੋਗੀਆਂ ਦਾ––ਗੁਰੂ ਨਾਨਕ ਨਿਰੰਕਾਰੀ | ਭਾ: ਸਾ: ਰਣਧੀਰ ਸਿੰਘ ਜੀ | ੪ |
| ਟਕਸਾਲ ਵਾਲੇ ਮੋਦੀਆ (ਕਵਿਤਾ) | ,, ,, ,, | ੧੮ |
| ਭਾਈ ਭੂਮੀਆ––ਚੋਰ ਕਿ ਸਾਧ ! | ਗੁਰਮਤਿ ਪ੍ਰਚਾਰ ਸਭਾ, ਰੋਪੜ | ੧੯ |
| ਨਾਮ ਦਾਰੂ | ਹਕੀਮ ਹਰਿਭਜਨ ਸਿੰਘ ਜੀ | ੨੩ |
| ਭਰਮ ਭੁਲੇਖੇ | ਸ: ਮਦਨ ਸਿੰਘ ਜੀ ਯੂ.ਕੇ | ੨੪ |
| ਗੁਰੂ ਨਾਨਕ ਮਿਹਰਾਂ ਦੇ ਸਾਈਂ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿੱਤਰ | ੨੯ |
| ਗੁਰੂ ਨਾਨਕ ਨਿਰੰਕਾਰੀ––ਮਹਾਨ ਵਿਗਿਆਨੀ | ਸ: ਪ੍ਰੀਤਮ ਸਿੰਘ ਜੀ | ੩੦ |
| ਜੀਵਨ ਝਲਕੀਆਂ ਡਾ: ਸੁਰਿੰਦਰ ਸਿੰਘ ਜੀ (੩) | – – – | ੩੭ |
| ਰਾਸ਼ਟਰਪ੍ਰਤੀ ਰਾਜ ਸਦਭਾਵਨਾ ਲਈ ਨਹੀਂ–ਜਬਰ ਲਈ ਲਾਗੂ ਕੀਤਾ ਗਿਆ | ਸੰਤ ਲੌਂਗੋਵਾਲ | ੪੦ |
| ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ ਸਕੀਮ | ਜਥੇਦਾਰ ਅਖੰਡ ਕੀਰਤਨੀ ਜਥਾ | ੪੨ |


ਸ੍ਰੀ ਗੁਰੂ ਗ੍ਰੰਥ ਸਾਹਿਬ ਗਦੀ ਨਸ਼ੀਨੀ ੬ ਨਵੰਬਰ     ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਏ ੯ ਨਵੰਬਰ

ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ ੨੦ ਨਵੰਬਰ

## ਸੂਰਾ ਮਾਸਕ ਪਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਗੁਰਬਖਸ਼ ਸਿੰਘ ਸਿਵੀਆ ਗਰੇਵਜ਼ੈਂਡ ਯੂ.ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੩੧-੦੦ |
| ਸ: ਜਗਜੀਤ ਸਿੰਘ ਸਿੰਬਲ ਕੈਂਪ | ਪਿਤਾ ਸ: ਸਰਦਾਰ ਸਿੰਘ ਜੀ ਦੀ ਯਾਦ ਵਿਚ | ੨੧-੦੦ |
| ਭਾ: ਤਰਲੋਚਨ ਸਿੰਘ ਗੁਰਾਇਆ | ਨਵੇਂ ਮਕਾਨ ਦੀ ਖੁਸ਼ੀ ਵਿਚ | ੩੧-੦੦ |
| ਸ: ਬੂਟਾ ਸਿੰਘ ਪਾਥਰਡੀਹ | ਪੋਤਰੇ ਦੇ ਅਨੰਦ ਦੀ ਖੁਸ਼ੀ ਵਿਚ | ੨੧-੦੦ |
| ਬੀਬੀ ਕੁਲਦੀਪ ਕੌਰ ਨਵੀਂ ਦਿੱਲੀ | ਪਤੀ ਸ: ਅਮਰ ਸਿੰਘ ਜੀ ਦੀ ਯਾਦ ਵਿਚ | ੨੧-੦੦ |
| ਸ: ਦਲੀਪ ਸਿੰਘ ਦਿੱਲੀ | ਸੂਰਾ ਦੀ ਚੜ੍ਹਦੀ ਕਲਾ ਲਈ | ੫੧-੦੦ |
| ਸ: ਦਿਆਲ ਸਿੰਘ ਜੋਧਪੁਰ | ,, ,, ,, | ੨੧-੦੦ |
| ਗੁਪਤਦਾਨ | ,, ,, ,, | ੫੫-੦੦ |
| ਸ: ਜੋਗਿੰਦਰ ਸਿੰਘ ਅਹਿਮਦਾਬਾਦ | ਭੁਜੰਗੀ ਦੇ ਅਨੰਦ ਦੀ ਖੁਸ਼ੀ ਵਿਚ | ੨੧-੦੦ |
| ਸ: ਗੁਰਦਿਆਲ ਸਿੰਘ ਕਾਨਪੁਰ | ਭਾ: ਜਗਜੀਤ ਸਿੰਘ ਜੀ ਸ਼ਹੀਦ ਦੀ ਯਾਦ ਵਿਚ | ੨੫-੦੦ |
| ਸ: ਕਰਤਾਰ ਸਿੰਘ ਹਿੰਡਨ | ਸੂਰਾ ਦੀ ਚੜ੍ਹਦੀ ਕਲਾ ਲਈ | ੫-੨੫ |
| ਗਿ: ਗੋਪਾਲ ਸਿੰਘ ਮਿੱਤਰ ਮਾਲਬ ਜਿਲਾ ਗੁੜਗਾਉਂ | ਪੋਤਰੇ ਦੇ ਜਨਮ ਦੀ ਖੁਸ਼ੀ ਵਿਚ | ੧੧-੦੦ |
| ਸ: ਅਵਤਾਰ ਸਿੰਘ ਨਵੀਂ ਦਿੱਲੀ | ਮਾਤਾ ਪਿਤਾ ਜੀ ਦੀ ਪਿਆਰੀ ਯਾਦ ਵਿਚ | ੧੦੧-੦੦ |
| ਸ: ਜਵੰਦ ਸਿੰਘ ਦਿੱਲੀ | ਸੂਰਾ ਦੀ ਚੜ੍ਹਦੀ ਕਲਾ ਲਈ | ੨੧-੦੦ |
| ਬੀਬੀ ਦਯਾ ਕੌਰ ਨਵੀਂ ਦਿੱਲੀ | ,, ,, | ੧੦-੦੦ |
| W. O. ਅਮਰੀਕ ਸਿੰਘ ਏਅਰ ਫ਼ੋਰਸ | ਘਰ ਦੀ ਗੋਲਕ | ੫੫੦-੦੦ |
| ਭਾ: ਮਨਸ਼ਾ ਸਿੰਘ ਭੋਗਲ ਨਵਾਂ ਸ਼ਹਿਰ | ਸੁਪਤਨੀ ਇੰਦਰ ਕੌਰ ਦੇ ਅੰਤਮ ਭੋਗ ਸਮੇਂ | ੧੫-੦੦ |
| ਸ: ਜੁਝਾਰ ਸਿੰਘ ਬਰਮਿੰਘਮ ਯੂ. ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੧੧੪-੮੦ |
| ਸ: ਤਰਲੋਕ ਸਿੰਘ ਵਾਸੂ ਪਾਂਛਟ | ਬੀਬੀ ਹਰਜੀਤ ਕੌਰ ਦੀ ਬਰਸੀ ਸਮੇਂ | ੫-੦੦ |

**"ਸਿੱਖ : ਇਕ ਵੱਖਰੀ ਕੌਮ"** ਵਿਸ਼ੇਸ-ਅੰਕ ਵਿਚ ਛਪਣ ਵਾਲੇ ਲੇਖ ਵਿਦਵਾਨਾਂ ਪਾਸੋਂ ਸਮੇਂ ਸਿਰ ਨਾ ਪੁੱਜਣ ਕਰਕੇ ਇਹ ਅੰਕ ਇਸ ਵਾਰ ਨਹੀਂ ਛਪ ਸਕਿਆ । ਹੁਣ ਇਹ ਅੰਕ ਦਸੰਬਰ ਦੇ ਪਹਿਲੇ ਦੂਜੇ ਹਫ਼ਤੇ ਕਢਿਆ ਜਾ ਰਿਹਾ ਹੈ ।


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨.੧੧.੮੩ ਨੂੰ ਪ੍ਰਕਾਸ਼ਤ ਕੀਤਾ।

**ਟੈਲੀਫੋਨ ਨੰਬਰ** : 51847  **ਘਰ** 43094


www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੦-੦੦ |
| **ਹਵਾਈ ਡਾਕ** | |
| ਅਰਬ, ਮਲਾਇਆ | ੪੫-੦੦ |
| ਯੂ. ਕੇ., ਅਫ਼ਰੀਕਾ | ੬੦-੦੦ |
| ਕੈਨੇਡਾ, ਅਮਰੀਕਾ | ੭੦-੦੦ |
| **ਅਮਾਨਤੀ ਲਾਈਫ਼ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੦੦-੦੦ |
| **ਹਵਾਈ ਡਾਕ** | |
| ਯੂ. ਕੇ., ਅਫਰੀਕਾ | ੬੫੦-੦੦ |
| ਕੈਨੇਡਾ, ਅਮਰੀਕਾ | ੭੫੦-੦੦ |
| ਅਰਬ ਮਲਾਇਆ | ੫੦੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੭ • ਨਵੰਬਰ ੧੯੮੩ ਅੰਕ ੧੧

## ਵਾਹ ਵਾਹ ਗੁਰ ਪਤਿਤ ਉਧਾਰਨੰ

ਵਾਹ ਵਾਹ ਗੁਰ ਪਤਿਤ ਉਧਾਰਨੰ ॥ ਵਾਹ ਵਾਹ ਗੁਰ ਸੰਤ ਉਬਾਰਨੰ ॥  
ਵਾਹ ਵਾਹ ਗੁਰ ਪਾਰ ਉਤਾਰਨੰ ॥ ਵਾਹ ਵਾਹ ਗੁਰ ਅਗਮ ਅਪਾਰਨੰ ॥  
ਵਾਹ ਵਾਹ ਗੁਰ ਹਰਿ ਆਧਾਰਨੰ ॥ ਵਾਹ ਵਾਹ ਗੁਰ ਅਪਰ ਅਪਾਰਨੰ ॥  
ਵਾਹ ਵਾਹ ਗੁਰ ਅਸੁਰ ਸੰਘਾਰਨੰ ॥ ਵਾਹ ਵਾਹ ਗੁਰ ਦੈਂਤ ਪਛਾਰਨੰ ॥  
ਵਾਹ ਵਾਹ ਗੁਰ ਦੁਸ਼ਟ ਬਿਦਾਰਨੰ ॥ ਵਾਹ ਵਾਹ ਗੁਰ ਕਰੁਣਾ ਧਾਰਨੰ ॥  
ਵਾਹ ਵਾਹ ਗੁਰ ਆਦਿ ਜੁਗਾਦਨੰ ॥ ਵਾਹ ਵਾਹ ਗੁਰ ਅਗਮ ਅਗਾਧਨੰ ॥  
ਵਾਹ ਵਾਹ ਗੁਰ ਸਚ ਅਰਾਧਨੰ ॥ ਵਾਹ ਵਾਹ ਗੁਰ ਪੂਰਨ ਸਾਧਨੰ ॥  
ਵਾਹ ਵਾਹ ਗੁਰ ਤਖ਼ਤ ਨਿਵਾਸਨੰ ॥ ਵਾਹ ਵਾਹ ਗੁਰ ਨਿਹਚਲ ਆਸਨੰ ॥  
ਵਾਹ ਵਾਹ ਗੁਰ ਅਭੈ ਅਬਿਨਾਸਨੰ ॥ ਵਾਹ ਵਾਹ ਗੁਰ ਸਚੀ ਰਾਸਨੰ ॥  
ਵਾਹ ਵਾਹ ਗੁਰ ਮੁਕਤ ਸਧਾਰਨੰ ॥ ਵਾਹ ਵਾਹ ਗੁਰ ਸੰਗਤ ਤਾਰਨੰ ॥

[ਭਾਈ ਨੰਦ ਲਾਲ ਸਿੰਘ ਜੀ ਕ੍ਰਿਤ ਜੋਤਿ ਬਿਕਾਸ ਹਿੰਦੀ ਵਿਚੋਂ]



www.AKJ.Org

# ਬਾਬਾ ਵੈਦ ਰੋਗੀਆਂ ਦਾ—ਗੁਰੂ ਨਾਨਕ ਨਿਰੰਕਾਰੀ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਗੁਰੂ ਨਾਨਕ ਨਿਰੰਕਾਰੀ ਨੂੰ ਸੰਸਾਰੀਆਂ ਉਤੇ ਤਰਸ ਆਇਆ, ਰੋਗ-ਗ੍ਰਸੇ ਸੰਸਾਰੀਆਂ ਉਤੇ ਰਹਿਮ ਆਇਆ, ਅਤੇ ਬਹੁਤਾ ਏਸ ਕਰਕੇ ਆਇਆ ਕਿ ਰੋਗੀ ਸੰਸਾਰ ਨੂੰ ਆਪਣੇ ਰੋਗ ਦਾ ਹੀ ਪਤਾ ਨਹੀਂ ਸੀ। ਰੋਗ-ਰੰਞਾਣੇ ਸੰਸਾਰੀਆਂ ਨੂੰ ਆਪਣੇ ਰੋਗ ਨੂੰ ਰੋਗ ਜਾਨਣ ਦਾ ਅਹਿਸਾਸ ਹੀ ਨਹੀਂ ਸੀ। ਕੈਸੀ ਤਰਸ ਯੋਗ ਹਾਲਤ ਹੈ! ਰੋਗੀ ਤ੍ਰਾਹ ਤ੍ਰਾਹ ਕਰ, ਆਪਣੇ ਰੋਗ ਵਿਚ ਰਿਝ ਰਹੇ ਹਨ; ਹਾਏ ਹਾਏ ਕਰ, ਰੋਗ ਦੇ ਮਾਰੇ, ਬਿਲਲਾ ਰਹੇ ਹਨ, ਪਰ ਉਨ੍ਹਾਂ ਨੂੰ ਆਪਣੇ ਰੋਗ ਦੀ ਸਾਰ ਨਹੀਂ, ਰੋਗ ਦੀ ਖ਼ਬਰ ਨਹੀਂ, ਓਹਨਾਂ ਨੂੰ ਰੋਗ ਪ੍ਰਤੀਤ ਨਹੀਂ ਹੁੰਦਾ। ਰੋਗੀਆਂ ਨੂੰ ਆਪਣੇ ਰੋਗ ਦੀ ਪਛਾਣ ਨਹੀਂ। ਰੋਗ ਦੀ ਪ੍ਰਤੀਤੀ ਹੀ ਨਹੀਂ ਤਾਂ ਪੁਕਾਰ ਕਉਣ ਕਰੇ? ਪੀੜਾ ਹੈ, ਪਰ ਪੀੜਾ ਦੀ ਸੂਝ ਨਹੀਂ!! ਵੇਦਨ ਹੈ, ਪਰ ਵੇਦਨ ਦੀ ਬੂਝ ਨਹੀਂ। ਦਾਰਨ ਦੁਖ ਹੈ, ਪਰ ਦੁਖ ਦਾ ਭੇਤ ਨਹੀਂ। ਦੁਖ-ਰੋਗ ਵਿਚ ਰਿੱਝ ਕਰਿੱਝ ਕੇ ਮਰ ਰਹੇ ਹਨ, ਖੁਰ ਖਪ ਰਹੇ ਹਨ, ਫਿਰ ਰੋਗੀ ਅਜਾਣ ਹਨ, ਪੁਕਾਰ ਕਰਨ ਤਾਂ ਕੀ ਕਰਨ? ਕਿਸ ਰੋਗ ਦੀ ਪੁਕਾਰ ਕਰਨ? ਨਾ ਪੁਕਾਰ ਨਾ ਵੈਦ ਦੀ ਜੋਹਾਰ। ਬਿਨਾਂ ਲੋੜ ਤੋਂ, ਬਿਨਾਂ ਪੁਕਾਰ ਤੋਂ ਵੈਦ ਬੁਲਾਵਣ ਦੀ ਕੀ ਲੋੜ?

ਰੋਗੀਆਂ ਦੀ ਰੋਗ ਫ਼ਰਿਆਦ ਸੁਣੇ ਬਿਹੂਣ ਸੰਸਾਰ ਦੇ ਵੈਦਾਂ ਦੇ ਉਹ ਕੰਨ ਹੀ ਨਹੀਂ ਕਿ ਉਸ ਫਰਿਆਦ ਨੂੰ ਸੁਣਨ। ਬਿਨਾਂ ਪੁਕਾਰ ਸੁਣਾਏ, ਬਿਨਾਂ ਰੋਗ ਜਣਾਏ ਸੰਸਾਰੀ ਵੈਦਾਂ ਨੂੰ ਜਾਚ ਹੀ ਨਹੀਂ ਕਿ ਆਪੇ ਉਸ ਰੋਗ ਦੀ ਪਰਖ ਪਛਾਣ ਕਰ ਸਕਣ। ਉਹ ਤਾਂ ਆਪ ਹੀ ਇਸ ਰੋਗ ਦੇ ਆਰੀ ਹਨ। ਸੰਸਾਰੀ ਵੈਦਾਂ ਨੂੰ ਇਸ ਰੋਗ ਦੀ ਤਸ਼ਖ਼ੀਸ ਤਾਤੀਰ (ਪਰਖ ਕਰ ਕੇ ਦਸਣ ਦੀ ਸਮਰੱਥਾ) ਹੁੰਦੀ ਤਾਂ ਪਹਿਲਾਂ ਆਪਣਾ ਰੋਗ ਹੀ ਨਾ ਗੰਵਾ ਲੈਂਦੇ। ਰੋਗੀ ਵੈਦ ਰੋਗੀ ਬੀਮਾਰ ਦਾ ਕੀ ਇਲਾਜ ਕਰ ਸਕਦੇ ਹਨ, ਜਦ ਕਿ ਰੋਗ, ਵੈਦ ਅਤੇ ਬੀਮਾਰ ਨੂੰ, ਡਾਕਟਰ ਅਤੇ ਪੇਸ਼ੈਂਟ ਨੂੰ, ਹਕੀਮ ਅਤੇ ਮਰੀਜ਼ ਨੂੰ ਇਕੋ ਅਤੇ ਓਹੋ ਰੋਗ ਹੀ ਹੋਵੇ। ਸੱਚ ਤਾਂ ਇਹ ਹੈ ਕਿ ਸੰਸਾਰੀ ਵੈਦ ਸਭ ਅਜਾਣ ਹਨ। ਕੋਈ ਭੀ ਸੁਜਾਣ ਵੈਦ ਨਹੀਂ। ਸੰਸਾਰਕ ਅਤੇ ਸਰੀਰਕ ਰੋਗਾਂ ਦੇ ਤਾਂ ਬਥੇਰੇ ਵੈਦ ਹਕੀਮ ਅਤੇ ਡਾਕਟਰ ਬਣੇ ਫਿਰਦੇ ਹਨ, ਪਰ ਇਹ ਸਰੀਰ ਦਾ ਰੋਗ ਤਾਂ ਇਕ ਓਪਰਾ ਜਿਹਾ ਰੋਗ ਹੈ। ਸੋ ਉਸ ਦੇ ਵੈਦ ਭੀ ਓਪਰੇ ਜਿਹੇ ਅਤੇ ਉਰੇ ਪਰੇ ਦੇ ਹਨ। ਉਰੇ ਪਰੇ ਦੀਆਂ ਬੀਮਾਰੀਆਂ ਉਰੇ ਪਰੇ ਦੀਆਂ ਦਵਾਈਆਂ ਦੇ ਕੇ ਹਟਾ ਦਿੰਦੇ ਹਨ। ਉਹ ਭੀ ਆਰਜ਼ੀ ਤੌਰ ਪਰ। ਰੋਗ ਦੀ ਜੜ੍ਹ-ਮੇਖ ਫੇਰ ਭੀ ਉਹਨਾਂ ਪਾਸੋਂ ਨਹੀਂ ਜਾਂਦੀ। ਜੇ ਜਾਵੇ ਤਾਂ ਮੁੜ ਮੁੜ ਫੇਰ ਓਹੋ ਰੋਗ ਨਾ ਹੋਣ, ਨਾ ਉਪਜ ਖੜੋਣ। ਜਦ ਤਾਈਂ ਸਾਰੇ ਰੋਗਾਂ ਦਾ ਰੋਗ, ਦੀਰਘ ਰੋਗ ਤਲਾਮੂਲ ਤੋਂ ਨਹੀਂ ਉਖੜਦਾ, ਜਦ ਤਾਈਂ ਸਾਰੇ ਰੋਗਾਂ ਦੇ ਮੂਲ ਕਾਰਨ ਦੀ ਜੜ੍ਹ-ਮੇਖ ਨਹੀਂ ਜਾਂਦੀ, ਤਦ ਤਕ ਰੋਗੀ ਅਰੋਗ ਅਤੇ ਨਿਰਦੋਖ ਕਿਵੇਂ ਹੋਣ। ਹੋਰ ਹੋਰ ਰੋਗਾਂ ਦਾ ਇਲਾਜ ਤਾਂ ਕਤੀ ਕਰਾਈ ਜਾਂਦੇ ਹਨ, ਪਰ ਮੂਲ ਮੇਖੁਨੀ ਰੋਗ ਦਾ ਕੋਈ ਇਲਾਜ ਨਹੀਂ ਕਰਾਉਂਦਾ ਅਤੇ ਨਾ ਹੀ ਉਸ ਦਾ ਇਲਾਜ ਕਰਨਹਾਰਾ ਸੰਸਾਰ ਵਿਚ ਕੋਈ ਹੈ। ਹਜ਼ਰਤ ਈਸਾ ਜੀ ਰੋਗਾਂ ਦੇ ਮਜ਼ੋਹਾ ਹੋ ਕੇ ਉੱਠੇ। ਪਰ ਇਸ ਵਿਅਕਤੀ ਨੇ ਭੀ ਸਰੀਰਾਂ ਦੇ ਆਮ ਰੋਗ ਹੀ ਹਟਾਏ। ਦੀਰਘ ਰੋਗ ਦੀ ਇਸ ਨੂੰ ਭੀ ਪਛਾਣ ਨਾ ਹੋਈ ਤੇ ਨਾ ਹੀ ਉਸ ਪਾਸ ਇਸ ਦਾ ਦਾਰੂ ਸੀ। ਅਗੰਮੀ ਰੋਗਾਂ ਦੀਆਂ ਅਗੰਮੀ ਦਵਾਈਆਂ।

ਰੋਗ ਦਾਰੂ ਦੋਹਾਂ ਦੀ ਗੰਮਤਾ ਦਾ ਕਾਲ ਪੈ ਰਿਹਾ ਸੀ ਕਿ ਅਗੰਮ ਤੋਂ ਰੋਗ ਦਾਰੂ ਦੋਹਾਂ ਦੀ ਗੰਮਤਾ ਵਾਲੇ ਸੱਚੇ ਸੁਜਾਨ ਵੈਦ ਗੁਰੂ ਨਾਨਕ ਦੇਵ ਜੀ ਉਤਰੇ ਅਤੇ ਉਤਰਨ ਸਾਰ ਹੀ ਪਹਿਲਾਂ ਉਸ ਸੱਚੇ ਵੈਦ ਨੇ ਰੋਗੀਆਂ ਨੂੰ, ਰੋਗ-ਆਰਤ ਰੋਗੀਆਂ ਨੂੰ ਉਹਨਾਂ ਦਾ ਰੋਗ ਅਨਭਵ ਕਰਾਇਆ, ਫੇਰ ਰੋਗ ਦੇ ਇਲਾਜ ਦੀ



www.AKJ.Org

ਲੋੜ ਪ੍ਰਤੀਤ ਕਰਾਈ। ਰੋਗ ਦੇ ਖ਼ੁਦ ਜਾਣੂ ਪਛਾਣੂ ਅਤੇ ਪਾਰਖੂ ਹੋ ਕੇ ਤਾਂ ਉਹ ਖ਼ੁਦ ਧੁਰ ਦਰਗਾਹੋਂ ਹੀ ਆਏ ਸਨ। ਹਾਂ ਜੀ, ਰੋਗ ਅਉਖਧੀ ਦੇ ਭੀ ਮਾਹਰ ਹੋ ਕੇ ਆਏ ਸਨ। ਆਉਂਦੇ ਸਾਰ ਹੀ ਸਤਿਗੁਰੂ ਨਾਨਕ ਦੇਵ ਜੀ ਸੱਚੇ ਵੈਦ ਗੁਰੂ ਨੇ ਰੋਗੀ ਸੰਸਾਰ ਪ੍ਰਤੀ ਡੰਕੇ ਦੀ ਚੋਟ ਨਾਲ ਰੋਗ-ਦਾਰੂ ਦੋਹਾਂ ਦਾ ਢੰਡੋਰਾ ਦਿਤਾ ਅਤੇ ਇਸ ਬਿਧਿ ਦਿਤਾ। ਯਥਾ ਗੁਰਵਾਕ :–

ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥੧॥
ਮੇਰੇ ਪ੍ਰੀਤਮ ਕਰਿ ਕ੍ਰਿਪਾ ਦੇਹੁ ਬੁਝਾਈ ॥
ਹਉਮੈ ਰੋਗੀ ਜਗਤੁ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ ॥੧॥ਰਹਾਉ॥
ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ ॥
ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥੨॥
ਇਕਿ ਆਪੇ ਕਾਢਿ ਲਏ ਪ੍ਰਭਿ ਆਪੇ ਗੁਰ ਸੇਵਾ ਪ੍ਰਭਿ ਲਾਏ ॥
ਹਰਿ ਕਾ ਨਾਮੁ ਨਿਧਾਨੋ ਪਾਇਆ ਸੁਖੁ ਵਸਿਆ ਮਨਿ ਆਏ ॥੩॥੫॥੧॥੧੧॥

ਭੈਰਉ ਮ: ੩, ਪੰਨਾ ੧੧੩੦

ਤਥਾ ਇਸ ਬਿਧਿ ਇਸ ਰੋਗ ਦੀ ਅਤੇ ਰੋਗ-ਨਵਿਰਤੀ ਦੀ ਦੋਹੀ ਫੇਰੀ :–

ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ ॥
ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥੧॥
ਹਰਿ ਜੀਉ ਸਤਿ ਸੰਗਤਿ ਮੇਲਾਇ ॥
ਨਾਨਕ ਤਿਸ ਨੋ ਦੇਇ ਵਡਿਆਈ ਜੋ ਰਾਮ ਨਾਮਿ ਚਿਤੁ ਲਾਇ ॥੧॥ਰਹਾਉ॥
ਮਮਤਾ ਕਾਲਿ ਸਭਿ ਰੋਗਿ ਵਿਆਪੇ ਤਿਨ ਜਮ ਕੀ ਹੈ ਸਿਰਿ ਕਾਰਾ ॥
ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ ਜਿਨ ਹਰਿ ਰਾਖਿਆ ਉਰਿਧਾਰਾ ॥੨॥
ਜਿਨ ਹਰਿ ਕਾ ਨਾਮੁ ਨ ਗੁਰਮੁਖਿ ਜਾਤਾ ਸੇ ਜਗ ਮਹਿ ਕਾਹੇ ਆਇਆ ॥
ਗੁਰ ਕੀ ਸੇਵਾ ਕਦੇ ਨ ਕੀਨੀ ਬਿਰਥਾ ਜਨਮੁ ਗਵਾਇਆ ॥੩॥
ਨਾਨਕ ਸੇ ਪੂਰੇ ਵਡਿ ਭਾਗੀ ਸਤਿਗੁਰ ਸੇਵਾ ਲਾਏ ॥
ਜੋ ਇਛਹਿ ਸੋਈ ਫਲੁ ਪਾਵਹਿ ਗੁਰਬਾਣੀ ਸੁਖੁ ਪਾਏ ॥੪॥੨॥੧੨॥

ਭੈਰਉ ਮ: ੩, ਪੰਨਾ ੧੧੩੦

ਪੁਨਾ–ਗੁਰ ਕਾ ਸਬਦੁ ਸਭਿ ਰੋਗ ਗਵਾਏ ਜਿਸ ਨੋ ਹਰਿ ਜੀਉ ਲਾਏ ॥
ਨਾਮੇ ਨਾਮਿ ਮਿਲੈ ਵਡਿਆਈ ਜਿਸ ਨੋ ਮੰਨਿ ਵਸਾਏ ॥੨॥ (੪॥੩॥੧੩)

ਭੈਰਉ ਮ: ੩, ਪੰਨਾ ੧੧੩੧

ਬਾਝੁ ਗੁਰੂ ਜਗਤੁ ਬਉਰਾਨਾ ਭੂਲਾ ਚੋਟਾ ਖਾਈ ॥
ਮਰਿ ਮਰਿ ਜੰਮੈ ਸਦਾ ਦੁਖੁ ਪਾਏ ਦਰ ਕੀ ਖਬਰਿ ਨ ਪਾਈ ॥੧॥ (੪॥੮॥੧੮)

ਭੈਰਉ ਮ: ੩, ਪੰਨਾ ੧੧੩੨

ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ਰਹਾਉ॥...
ਹੇਤ ਰੋਗ ਕਾ ਸਗਲ ਸੰਸਾਰਾ ॥ ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥
ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥



www.AKJ.Org

ਰੋਗ ਬੰਧ ਰਹਨੁ ਰਤੀ ਨ ਪਾਵੈ ॥ ਬਿਨੁ ਸਤਿਗੁਰ ਰੋਗ ਕਤਹਿ ਨ ਜਾਵੈ ॥੩॥
ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧ ਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥
ਭੈਰਉ ਮ: ੫, ਪੰਨਾ ੧੧੪੦-੪੧

ਇਸ ਪ੍ਰਕਾਰ ਸਤਿਗੁਰ ਨਾਨਕ ਸੱਚੇ ਵੈਦ ਨੇ ਰੋਗ ਅਤੇ ਦਾਰੂ ਦੋਹਾਂ ਦਾ ਹੋਕਾ ਫੇਰਿਆ । ਇਕ ਵਾਰ ਨਹੀਂ, ਦੋ ਦਹਿ ਵਾਰ ਨਹੀਂ, ਅਨੇਕ ਵਾਰ, ਅਨ-ਗਿਣਤ ਵਾਰ ਰੋਗ ਅਤੇ ਰੋਗ ਦੇ ਦਾਰੂ ਨੂੰ ਅਸਾਂ ਪ੍ਰਤੀ ਨਿਸਚਿਤ ਕਰਾਇਆ ਅਤੇ ਗੁਰਬਾਣੀ ਦੀ ਤੁਕ ਤੁਕ ਅੰਦਰ ਨਾਮ-ਦਾਰੂ ਨੂੰ ਦ੍ਰਿੜ੍ਹਾਇਆ, ਪਰ ਅਸਾਂ ਕਲਜੁਗੀ ਅਭਾਗੇ ਜੀਵਾਂ ਨੂੰ ਨਾ ਆਪਣਾ ਰੋਗ ਪ੍ਰਤੀਤ ਹੋਇਆ ਅਤੇ ਨਾ ਹੀ ਨਾਮ-ਦਾਰੂ ਉਤੇ ਨਿਸਚਾ ਆਇਆ । ਜਿਨ੍ਹਾਂ ਵਡਭਾਗੇ ਜਨਾਂ ਦਾ ਨਿਹਚਾ ਨਾਮ ਉਤੇ ਆ ਗਿਆ, ਤਿਨ੍ਹਾਂ ਦੇ ਬੇੜੇ ਪਾਰ ਹੋ ਗਏ, ਤਿਨ੍ਹਾਂ ਦੇ ਉਧਾਰ ਹੋ ਗਏ ਅਤੇ ਤਿਨ੍ਹਾਂ ਦੇ ਜਨਮ ਜਨਮ ਦੇ ਰੋਗ ਕੱਟੇ ਗਏ । ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਉਤੇ ਸੱਚੇ ਵੈਦ ਗੁਰੂ ਵਾਲੀ ਸ਼ਰਧਾ ਤਿਨ੍ਹਾਂ ਦੀ ਹੀ ਆਈ, ਜਿਨ੍ਹਾਂ ਨੇ ਸਤਿਗੁਰ ਦੇ ਹੁਕਮ ਨੂੰ ਸਤਿ ਕਰ ਕੇ ਜਾਤਾ ਅਤੇ ਨਾਮ-ਦਾਰੂ ਨੂੰ ਦ੍ਰਿੜ੍ਹ ਸੰਞਾਤਾ ।

ਅਸਲ ਗੱਲ ਇਹ ਹੈ ਕਿ ਅਸਾਂ ਨਾਮ-ਧਰੀਕ ਸਿੱਖਾਂ ਨੂੰ ਨਾਮ ਵਾਲੀ ਗੱਲ ਪੋਂਹਦੀ ਹੀ ਨਹੀਂ । ਨਾਮ ਵਾਲੀ ਗੱਲ, ਇਕੋ ਲੇਖੇ ਵਾਲੀ ਗੱਲ ਉਤੇ ਸ਼ਰਧਾ-ਭਾਵਨੀ ਹੀ ਨਹੀਂ ਆਉਂਦੀ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਏਸੇ ਲੇਖੇ ਵਾਲੀ, ਸੱਚੇ ਲੇਖੇ ਵਾਲੀ ਗੱਲ ਨੂੰ ਦ੍ਰਿੜ੍ਹਾਉਂਦੀ ਹੈ । ਸਾਰੀ ਗੁਰਬਾਣੀ ਦਾ ਤਤ-ਸਾਰ ਨਾਮ ਵਾਲੀ ਇਕੋ ਗੱਲ ਨੂੰ ਦ੍ਰਿੜ੍ਹਾਵਣਾ ਹੈ, ਪਰ ਅਸੀਂ ਬਾਣੀ ਦਾ ਪਾਠ ਕਰਦੇ ਹੀ ਨਹੀਂ, ਕਰਦੇ ਹਾਂ ਤਾਂ ਉਪਰ ਦੀ ਲੰਘ ਜਾਂਦੇ ਹਾਂ । ਜੇ ਕਿਤੇ ਅਟਕਦੇ ਹਾਂ ਤਾਂ ਆਪੋ ਆਪਣੀਆਂ ਮਨ ਦੀਆਂ ਮਤਾਂ ਅਤੇ ਵੇਤਰਟ ਸਿਆਣਫਾਂ ਨਾਲ ਗੁਰਬਾਣੀ ਨੂੰ ਵੀਚਾਰਦੇ ਹਾਂ । ਸਹਿਸ ਸਿਆਣਫੀ ਵਿਚਾਰ, ਅਲਪੱਗ ਵਿਚਾਰ ਦੁਆਰਾ ਗੁਰਬਾਣੀ, ਧੁਰ ਕੀ ਬਾਣੀ, ਧੁਰ ਤੋਂ ਆਏ ਅਤੇ ਧੁਰ ਪਹੁੰਚੇ ਹੋਏ ਸਰਬੱਗ ਗੁਰੂ ਸਾਹਿਬਾਨ ਦੀ ਬਾਣੀ ਨਹੀਂ ਵਿਚਾਰੀ ਜਾ ਸਕਦੀ । ਸਗੋਂ ਏਹਨਾਂ ਮਨੋ-ਮਨੀ ਅਲਪੱਗ ਵਿਚਾਰਾਂ ਨਾਲ ਗੁਰਬਾਣੀ ਦੇ ਤੱਤ-ਆਸ਼ੇ ਤੋਂ ਐਨ ਉਲਟ ਤਾਤਪਰਜ ਨਿਕਲੇ ਹਨ । ਗੁਰਬਾਣੀ ਕਹਿੰਦੀ ਹੈ ਨਾਮ ਜਪ । ਅਲਪੱਗ ਵਿਚਾਰ ਵਾਲੀ ਮਤਿ ਨਾਮ ਜਪਣ ਦੇ ਮਾਅਨੇ ਹੀ ਉਲਟੇ ਲੈਂਦੀ ਹੈ । ਚਤਰ ਬੁੱਧੀ ਆਖਦੀ ਹੈ ਕਿ ਬਾਰੰਬਾਰ ਇਕੋ ਲਫ਼ਜ਼ ਨੂੰ ਦੁਹਰਾਈ ਜਾਣਾ ਕਮਲਿਆਂ ਵਾਲੀ ਕਾਰ ਹੈ । ਹਾਂ ਜੀ, ਅਜਿਹੀਆਂ ਬੁਧ-ਮਤਾਂ ਗੁਰੂ ਸਾਹਿਬ ਦੇ ਅਜਿਹੇ ਵਾਕਾਂ ਵਿਚ–

ਬਾਰੰਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥੬॥(੧੭)
ਗਉੜੀ ਸੁਖਮਨੀ ਮ: ੫, ਪੰਨਾ ੨੮੬

ਦਸੀ ਕਮਾਈ ਨੂੰ ਕਮਲਿਆਂ ਵਾਲੀ ਕਾਰ ਸਮਝਦੀਆਂ ਹਨ । ਇਸ ਦੇ ਦੂਜੇ ਅਰਥ ਇਹ ਹਨ ਕਿ ਓਹ ਅਜਿਹੇ ਵਾਕ ਉਚਾਰਨਹਾਰੇ ਗੁਰੂ ਸਾਹਿਬਾਨ ਨੂੰ ਕਮਲੇ ਸਮਝਦੇ ਹਨ । ਅਸੀਂ ਨਾਮ-ਧ੍ਰੀਕ ਸਿਖ ਕਈ ਵਾਰ ਅਨਮਤੀਆਂ ਉਤੇ ਇਹ ਗਿਲਾ ਕਰਿਆਂ ਕਰਦੇ ਹਾਂ ਕਿ ਅਨਮਤੀ ਅਤੇ ਆਮ ਸੰਸਾਰੀ ਲੋਗ ਗੁਰੂ ਨਾਨਕ ਸਾਹਿਬ ਨੂੰ ਕੁਰਾਹੀਆ ਕਹਿਣ ਦੀ ਕੁਮੱਤ ਪਾਮਰਤਾ ਕਰਦੇ ਹਨ । ਕਿਉਂ ਜੀ, ਸਿਖ ਹੋ ਕੇ ਗੁਰੂ ਸਾਹਿਬ ਨੂੰ ਕਮਲਾ ਸਮਝਣ ਵਾਲੀ ਕੁਮੱਤ ਕਿੰਨੀ ਕੁ ਪਾਮਰਤਾ ਪੂਰਤ ਹੈ ? ਕੀ ਅਨਮਤੀਆਂ ਦੀ ਕੁਮੱਤ ਤੋਂ ਕੁਛ ਘਟ ਨਿੰਦਣ ਯੋਗ ਇਹ ਅਸਾਡੀ ਕੁਮੱਤ ਹੈ ਕਿ ਗੁਰੂ ਸਾਹਿਬ ਤਾਂ ਬਾਰੰਬਾਰ ਏਹੀ ਉਪਦੇਸ਼ ਦ੍ਰਿੜ੍ਹਾਉਣ ਕਿ 'ਨਾਮ ਜਪੋ,ਨਾਮ ਜਪੋ' ਅਤੇ ਅਸੀਂ ਉਨ੍ਹਾਂ ਦੇ ਸਿੱਖ ਸਦਾ ਕੇ ਗੁਰੂ ਸਾਹਿਬ ਦੇ ਇਸ ਉਪਦੇਸ਼ ਨੂੰ ਟਿੱਚ ਕਰਕੇ ਜਾਣੀਏ ਅਤੇ ਇਸ ਸਿੱਧੇ ਪੱਧਰੇ ਸਪੱਸ਼ਟ ਗੁਰ-ਹੁਕਮ, 'ਨਾਮ ਜਪੋ' ਵਾਲੇ ਗੁਰ-ਹੁਕਮ ਉਤੇ ਆਪਣੀ ਮਨ ਦੀ ਮੱਤ



www.AKJ.Org

ਦੇ ਹਾਸ਼ੀਏ ਚਾੜ੍ਹੀਏ ਅਤੇ ਹਾਸ਼ੀਏ ਚਾੜ੍ਹ ਚਾੜ੍ਹ ਆਖੀਏ, ਬੱਕਰੀ ਵਾਂਗ ਮੂੰਹ ਮਾਰਨ ਦਾ ਕੀ ਫ਼ਾਇਦਾ।

ਪਾਠਕ ਜਨ ਜੀ ! ਮਾਫ਼ ਰੱਖਣਾ, ਅਸੀਂ ਕਈ ਅਖੌਤੀ ਗਿਆਨੀ ਇਹ ਕਹਿੰਦੇ ਸੁਣੇ ਹਨ ਕਿ 'ਨਾਮ ਜਪਣਾ' ਬੱਕਰੀ ਵਾਂਗ ਮੂੰਹ ਮਾਰਨਾ ਹੈ। ਤੁਸੀਂ ਭੀ ਕਈ ਟੀਕੇ ਏਸ ਭਾਵ ਦੇ ਦੇਖੇ ਪੜ੍ਹੇ ਹੋਣਗੇ। ਉਹ ਆਂਹਦੇ ਨੇ ਬਾਣੀ ਨੂੰ ਵਿਚਾਰੋ, ਬਸ ਇਕ ਵਾਰ ਵਿਚਾਰੋ ਅਤੇ ਵਿਚਾਰ ਕੇ ਅਮਲ ਕਰੋ। ਬਾਰੰਬਾਰ ਬਾਣੀ ਨੂੰ ਪੜ੍ਹਨ ਦੀ ਕੀ ਲੋੜ ਹੈ ਅਤੇ ਨਾਮ ਰਟਣ ਦਾ ਕੀ ਫ਼ਾਇਦਾ ਹੈ ? ਹਾਂ, ਬਾਣੀ ਨੂੰ ਵਿਚਾਰ ਕੇ ਸਤਿਗੁਰ-ਬਚਨਾਂ ਨੂੰ ਵਿਚਾਰ ਕੇ, ਤਿਨ੍ਹਾਂ ਬਚਨਾਂ ਤੇ ਅਮਲ ਕਰਨ ਵਾਲੀ ਗੱਲ ਅਜਿਹੇ ਗਿਆਨੀ ਫ਼ਿਲਾਸਫ਼ਰਾਂ ਦੀ ਠੀਕ ਹੈ, ਪਰ ਕੀ ਓਹ ਨਹੀਂ ਜਾਣਦੇ ਕਿ ਗੁਰਬਾਣੀ ਦਾ ਸੱਚਾ ਵੀਚਾਰ ਅਤੇ ਗੁਰਬਚਨਾਂ ਉਤੇ ਅਮਲ ਕਰਨਾ ਕੀ ਹੈ ? ਲਓ, ਸਤਿਗੁਰੂ ਜੀ ਆਪ ਹੀ ਦੱਸਦੇ ਹਨ, ਗੁਰਬਾਣੀ ਆਪ ਹੀ ਦੱਸਦੀ ਹੈ–

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥...੧॥ (੪॥੨੯॥੯੯)

ਸਿਰੀ ਰਾਗੁ ਮ: ੫, ਪੰਨਾ ੫੨

ਭਾਵ, ਸਤਿਗੁਰ ਬਚਨਾਂ ਦਾ ਕਮਾਵਣਾ ਹੀ ਸੱਚਾ ਵੀਚਾਰ ਹੈ। ਸਤਿਗੁਰ ਬਚਨਾਂ ਦਾ ਕਮਾਵਣਾ ਕੀ ਹੈ ? ਜੋ ਗੁਰਬਾਣੀ ਕਹਿੰਦੀ ਹੈ, ਹੁਕਮ ਦੇਂਦੀ ਹੈ, ਉਸ ਗੱਲ ਨੂੰ ਕਮਾਵਣਾ। ਉਸ ਉਤੇ ਅਮਲ ਕਰਨਾ, ਜੋ ਕੁਛ ਕਿ ਗੁਰਬਾਣੀ ਕਰਨ ਲਈ ਹੁਕਮ ਦੇਂਦੀ ਹੈ। ਪਰ ਗੁਰਬਾਣੀ ਦਾ ਹੁਕਮ ਕੀ ਹੈ ? ਗੁਰਬਾਣੀ ਦਾ ਤੱਤ ਫੁਰਮਾਨ ਕੀ ਹੈ ? ਗੁਰਬਾਣੀ ਰੂਪੀ ਗੁਰ-ਬਚਨਾਂ ਦਾ ਤੱਤਸਾਰ ਕੀ ਹੈ ? ਗੁਰਬਾਣੀ ਅਥਵਾ ਗੁਰਬਾਣੀ ਰੂਪੀ ਗੁਰੂ ਕੇ ਬਚਨਾਂ ਦਾ ਬਾਰੰਬਾਰ ਇਹੋ ਹੁਕਮ ਦ੍ਰਿੜ੍ਹਾਵਣਾ ਹੈ ਕਿ ਨਾਮ ਜਪੋ, ਨਾਮ ਜਪੋ। ਇਹ ਕੋਈ ਗੁੱਝੀ ਛਿੱਨੀ ਗੱਲ ਨਹੀਂ। ਸਿੱਧੇ ਪੱਧਰੇ ਆਮ-ਫ਼ਹਿਮ ਪੰਜਾਬੀ ਦੇ ਅੱਖਰਾਂ ਵਿਚ ਗੁਰਬਾਣੀ ਇਹੋ ਕਹਿੰਦੀ ਹੈ, ਇਹੋ ਹੁਕਮ ਦੇਂਦੀ ਹੈ ਕਿ ਨਾਮ ਜਪੋ, ਸੁਆਸ ਸੁਆਸ ਨਾਮ ਜਪੋ, ਖਿਨ ਖਿਨ ਨਾਮ ਜਪੋ। ਇਹ ਗੁਰਬਾਣੀ ਦਾ ਤੱਤਸਾਰ ਹੁਕਮ ਹੈ ਅਤੇ ਸਪੱਸ਼ਟ ਸਿੱਟੇ ਵਾਲਾ ਹੁਕਮ ਹੈ, ਇਸ ਵਿਚ ਵਿੰਗ-ਵਲ ਕੁਛ ਨਹੀਂ। ਜਦ ਅਸੀਂ ਗੁਰਬਾਣੀ ਦਾ ਇਹ ਤੱਤ ਹੁਕਮ, ਹੁਕਮਾਂ ਸਿਰ ਹੁਕਮ, ਸਿੱਟੇ ਦਾ ਤੱਤ ਆਦਰਸ਼ੀ ਹੁਕਮ ਨਹੀਂ ਮੰਨਦੇ ਤਾਂ ਅਸਾਡੀ ਹੋਰ ਵਿਚਾਰ ਕਿਸ ਲੇਖੇ ! ਸੱਚਾ ਗਿਆਨ ਵੀਚਾਰ ਤਾਂ ਗੁਰਬਾਣੀ ਦੇ ਏਹਨਾਂ ਹੁਕਮਾਂ ਪਦਾਂ ਵਿਚ ਹੀ ਵਿਦਮਾਨ ਹੈ ਕਿ 'ਸਤਿਗੁਰ ਬਚਨ ਕਮਾਵਣੇ' ਰੂਪੀ ਗੁਰ-ਹੁਕਮ ਨੂੰ ਮੰਨਣਾ ਗੁਰਸਿਖ ਦਾ ਪਰਮ ਧਰਮ ਹੈ। ਜੇਕਰ ਅਸੀਂ ਏਸ ਹੁਕਮ ਨੂੰ ਮੰਨਦੇ ਹਾਂ ਤਾਂ ਅਸੀਂ ਇਸ ਹੁਕਮਾਂ ਸਿਰ ਹੁਕਮ, ਮੁਖ ਹੁਕਮ ਉੱਪਰ ਅਮਲ ਕਰਦੇ ਹਾਂ, ਤਾਂ ਅਸਾਡਾ ਐਸਾ ਕਰਨਾ ਸੱਚਾ ਵੀਚਾਰ ਹੈ। ਗੁਰ-ਹੁਕਮਾਂ ਨੂੰ ਕਮਾਵਣਾ ਹੀ ਸੱਚਾ ਗਿਆਨ ਵੀਚਾਰ ਹੈ। ਹੋਰ ਗਿਆਨ ਅਤੇ ਸ਼ੁਸ਼ਕ ਵੀਚਾਰ ਗੁਰਸਿਖਾਂ ਦੇ ਕਿਸੇ ਕੰਮ ਨਹੀਂ। ਬਸ, ਜੋ ਗੁਰਬਾਣੀ ਕਹਿੰਦੀ ਹੈ ਅਤੇ ਕਹੀ ਜਾਂਦੀ ਹੈ ਜਾਂ ਬਾਰੰਬਾਰ ਹੁਕਮ ਦੇਈ ਜਾਂਦੀ ਹੈ, ਉਸ ਉਤੇ ਅਮਲ ਕਰਨਾ, ਉਸਨੂੰ ਕਮਾਵਣਾ ਹੀ ਸੱਚਾ ਗੁਰਮਤਿ ਗਿਆਨ ਵਿਚਾਰ ਹੈ। ਤਦੇ ਤਾਂ ਗੁਰੂ ਸਾਹਿਬ ਗੁਰਸਿਖਾਂ ਪ੍ਰਤੀ ਸੱਚਾ ਗਿਆਨ ਦ੍ਰਿੜ੍ਹਾਵਣ ਹਿਤ ਇਸ ਪ੍ਰਕਾਰ ਹੁਕਮ ਦਿੰਦੇ ਹਨ :–

ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥ਰਹਾਉ॥ (੪॥੫) ਮਲਾਰ ਮ: ੪, ਪੰਨਾ ੧੨੬੪

ਗੁਰਮਤਿ ਗਿਆਨੀਆਂ ਪ੍ਰਤੀ ਇਹੋ ਤੱਤ ਹੁਕਮੁ ਹੈ ਗੁਰੂ ਸਾਹਿਬ ਦਾ ਕਿ:–"ਹਰਿ ਬੋਲਹੁ ਦਿਨੁ ਰਾਤਿ ॥" ਗਿਆਨੀਆਂ ਨੂੰ ਸਨਮੁਖ ਸੰਬੋਧਨ ਕਰ ਕੇ ਗੁਰੂ ਸਾਹਿਬ ਬਚਨ ਰੂਪ ਗੁਰ-ਹੁਕਮ ਉਚਾਰਦੇ ਹਨ:–"ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥" ਅਰਥਾਤ ਦਿਨ ਰਾਤਿ ਸੁਆਸ ਸੁਆਸ ਨਾਮ ਜਪੋ। ਇਸ ਹੁਕਮ ਦੇ ਮੰਨਣ ਕਰਿ ਹੀ ਗੁਰਮਤਿ ਅੰਦਰ ਕੋਈ ਪ੍ਰਾਣੀ ਗਿਆਨੀ ਕਹਾ ਸਕਦਾ ਹੈ, ਐਵੇਂ ਨਹੀਂ। ਸ਼ੁਸ਼ਕ ਵਿਚਾਰ-ਗਿਆਨੀ ਫ਼ਿਲਾਸਫ਼ਰ ਗੁਰੂ ਸਾਹਿਬ ਦੇ ਮੁਕਾਬਲੇ ਤੇ ਏਸ ਗੱਲ ਦੇ ਕਹਿਣ ਦਾ ਕੀ ਦਮ ਮਾਰ ਸਕਦੇ ਹਨ ਕਿ ਬਾਰੰਬਾਰ ਨਾਮ ਜਪਣਾ ਬੇ-ਅਰਥ ਅਤੇ ਬੇ-ਫ਼ਾਇਦਾ ਹੈ। ਦੇਖੋ ਗੁਰੂ ਸਾਹਿਬ ਕੈਸਾ ਸਪੱਸ਼ਟ ਹੁਕਮ


www.AKJ.Org

ਦਿੰਦੇ ਹਨ। ਯਥਾ ਗੁਰਵਾਕ :–

ਹਰਿ ਸਿਮਰਤ ਸਭਿ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥੧॥
ਉਚਰਹੁ ਰਾਮਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ਰਹਾਉ॥
(੭੫॥੧੪੧) ਗਉੜੀ ਮ: ੫, ਪੰਨਾ ੧੯੪

ਤਥਾ– ਬਾਰੰਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥੬॥੧੭॥
ਸੁਖਮਨੀ ਸਾਹਿਬ, ਪੰਨਾ ੨੯੬

ਪੁਨਾ– ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥੩੨॥ [ਜਪੁਜੀ

ਪੁਨਾ– ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ॥
ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥੧॥
ਸਿਰੀਰਾਗੁ ਮ: ੩, ਪੰਨਾ ੨੯

ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ ॥
ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥੧॥ਰਹਾਉ॥(੪॥੭॥੭੭)
ਸਿਰੀ ਰਾਗੁ ਮ: ੫, ਪੰਨਾ ੪੪

ਗੁਣ ਨਿਧਾਨੁ ਨਵਤਨੁ ਸਦਾ ਪੂਰਨ ਜਾ ਕੀ ਦਾਤਿ ॥
ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ ॥੩॥ (੪॥੧੩॥੮੩)
ਸਿਰੀਰਾਗੁ ਮ: ੫, ਪੰਨਾ ੪੭

ਹਰਿ ਜਪੀਐ ਆਰਾਧੀਐ ਆਠ ਪਹਰ ਗੋਵਿੰਦੁ ॥
ਜੀਅ ਪ੍ਰਾਣੁ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ ਜਿੰਦੁ ॥
ਨਾਨਕ ਸਗਲੇ ਦੋਖ ਉਤਾਰਿਅਨੁ ਪ੍ਰਭੁ ਪਾਰਬ੍ਰਹਮ ਬਖਸਿੰਦੁ ॥ (੪॥੧੨॥੮੨)
ਸਿਰੀਰਾਗੁ ਮ: ੫, ਪੰਨਾ ੪੬

ਗਗਾ ਗੋਬਿੰਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ ॥
ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ ॥ (੧੯)
ਗਉੜੀ ਬਾਵਨ ਅਖਰੀ, ਪੰਨਾ ੨੫੪

ਜਿਸੁ ਸਿਮਰਤ ਸੰਕਟ ਛੂਟਹਿ ਅਨਦ ਮੰਗਲ ਬਿਸ੍ਰਾਮ ॥
ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮੁ ॥੨॥ (੧੦)
ਗਉੜੀ ਕੀ ਵਾਰ, ਪੰਨਾ ੩੨੦

ਜਾ ਕੈ ਸਿਮਰਣਿ ਜਮ ਤੇ ਛੁਟੀਐ ਹਲਤਿ ਪਲਤਿ ਸੁਖੁ ਪਾਈਐ ॥
ਸਾਸਿ ਗਿਰਾਸਿ ਜਪਹੁ ਜਪੁ ਰਸਨਾ ਨੀਤ ਨੀਤ ਗੁਣ ਗਾਈਐ ॥੨॥ (੪॥੬॥੪੫)
ਆਸਾ ਮ: ੫, ਪੰਨਾ ੩੯੨

ਉਦਾਹਰਣ ਮਾਤਰ ਏਤਨੇ ਹੀ ਗੁਰ-ਪ੍ਰਮਾਣ ਬਥੇਰੇ ਹਨ, ਨਹੀਂ ਤਾਂ ਅਜਿਹੇ ਗੁਰਪ੍ਰਮਾਣਾਂ ਨਾਲ ਸਾਰੀ ਹੀ ਗੁਰਬਾਣੀ ਪੂਰਤ ਹੈ, ਜਿਨ੍ਹਾਂ ਤੋਂ ਕਿ ਬਾਰੰਬਰ ਖਿਨ ਖਿਨ ਪਲ ਪਲ ਸੁਆਸ ਸੁਆਸ ਨਾਮ ਜਪਣ ਦਾ ਤਾਕੀਦੀ ਹੁਕਮ, ਤੱਤ ਹੁਕਮ ਸਪੱਸ਼ਟ ਸਿਧ ਹੁੰਦਾ ਹੈ। ਸੋ ਗੁਰਮਤਿ ਦਾ ਤਤ ਗਿਆਨ ਅਤੇ ਸਤਿ ਵੀਚਾਰ ਨਾਮ ਜਪਣ, ਬਾਰੰਬਾਰ ਨਾਮ ਜਪਣ ਦਾ ਗੁਰ-ਹੁਕਮ ਕਮਾਵਣਾ ਹੈ। "ਗੁਰਿ ਪ੍ਰਸਾਦਿ ਨਾਨਕੁ


www.AKJ.Org

ਬਖਾਨੈ ਹਰਿ ਭਜਨੁ ਤਤੁ ਗਿਆਨੁ"* ਵਾਲਾ ਗੁਰਵਾਕ ਸਪੱਸ਼ਟ ਨਿਰਣੇ ਕਰਾਉਂਦਾ ਹੈ ਕਿ 'ਹਰਿ-ਭਜਨ' ਹੀ ਗੁਰਮਤਿ ਅੰਦਰ ਤੱਤ ਗਿਆਨ ਕਰਕੇ ਮੰਨਿਆ ਗਿਆ ਹੈ। ਇਸ ਤੋਂ ਕਉਣ ਮੁਨਕਰ ਹੋ ਸਕਦਾ ਹੈ ? ਜੋ ਗੁਰੂ ਕਾ ਸਿਖ ਨਹੀਂ, ਗੁਰੂ ਕਾ ਹੁਕਮੀ ਬੰਦਾ ਸਿਖ ਨਹੀਂ। ਗੁਰ ਕਾ ਸਿਖ ਹੈ ਹੀ ਸੋ, ਜੋ ਗੁਰੂ ਕੇ ਭਾਣੇ ਵਿਚ ਆਵੇ। ਗੁਰੂ ਕਾ ਭਾਣਾ ਸੋ ਹੈ ਜੋ ਗੁਰੂ ਨੂੰ ਭਾਵੇ। ਗੁਰੂ ਨੂੰ ਇਹੋ ਭਾਵੰਦਾ ਹੈ ਕਿ ਗੁਰੂ ਕਾ ਸਿਖ 'ਨਾਮ ਜਪਣ' ਰੂਪੀ ਗੁਰੂ ਕਾ ਮੁਖ ਹੁਕਮ ਕਮਾਵੇ। ਤਾਂ ਤੇ ਗੁਰੂ ਕਾ ਹੁਕਮ ਹੀ ਗੁਰੂ ਕਾ ਭਾਣਾ ਹੈ, ਤਾਂਹੀ ਤੇ ਗੁਰਵਾਕ ਹੈ :—

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥...੧॥ (੪॥੬)

ਸੋਰਠਿ ਮ: ੩, ਪੰਨਾ ੬੦੧-੦੨

ਸੋ ਗੁਰੂ ਕਾ ਭਾਣਾ, ਹੁਕਮ, ਤੱਤ ਹੁਕਮ, ਹੁਕਮਾਂ ਸਿਰ ਹੁਕਮ ਤਾਂ ਨਾਮ ਜਪਣਾ ਹੈ। ਏਸ ਹੁਕਮ ਤੋਂ ਉਲਟ ਜੋ ਆਪਣੇ ਭਾਣੇ, ਆਪਣੇ ਮਨ ਦੀ ਮਤਿ ਦੇ ਮਗਰ ਲਗ ਕੇ ਚਲਦੇ ਹਨ ਸੋ ਮਨਮੁਖ ਹਨ, ਗੁਰੂ ਦੇ ਹੁਕਮਾਂ ਤੋਂ ਬੇਮੁਖ ਹਨ। ਉਹਨਾਂ ਦੇ ਸਿਰ ਉਪਰ "ਵਿਛੁੜਿ ਚੋਟਾ" ਖਾਣ ਵਾਲਾ ਡੰਡ ਕਰਾਰਾ ਹੈ। ਜੋ ਗੁਰੂ ਕੇ ਹੁਕਮੀ ਬੰਦੇ ਗੁਰਮੁਖ ਸਿਖ ਸਜਨ ਹਨ ਸੋ ਆਪਣੇ ਮਨ ਦੀ ਮਤਿ ਤਿਆਗ ਕੇ ਗੁਰੂ ਕੇ ਭਾਣੇ ਅੰਦਰ ਆਉਂਦੇ ਹਨ। ਅਰਥਾਤ ਗੁਰੂ ਕਾ ਹੁਕਮ ਕਮਾਉਂਦੇ ਹਨ, ਗੁਰ ਕੀ ਕਾਰ ਕਮਾਉਂਦੇ ਹਨ। ਗੁਰੂ ਕੀ ਕਾਰ, ਗੁਰੂ ਕਾ ਭਾਣਾ, ਦੇਖੋ ਇਸ ਗੁਰ-ਹੁਕਮ ਰੂਪੀ ਗੁਰਵਾਕ ਵਿਚ ਕੈਸਾ ਸਪੱਸ਼ਟ ਹੈ, ਯਥਾ ਗੁਰਵਾਕ :—

ਮਨ ਰੇ ਗੁਰ ਕੀ ਕਾਰ ਕਮਾਇ ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ਰਹਾਉ॥(੮॥੩॥੨੦)

ਸਿਰੀਰਾਗੁ ਮ: ੩, ਪੰਨਾ ੬੬

ਤਾਂ ਤੇ ਅਨਦਿਨ ਨਾਮ ਵਿਚ ਰਚੇ ਰਹਿਣਾ, ਭਾਵ ਦਿਨ ਰਾਤ ਸਾਸ ਗਿਰਾਸ, ਨਿਮਖ ਨਿਮਖ ਨਾਮ ਜਪਣ ਵਾਲੀ ਕਾਰ ਵਿਚ ਲਗੇ ਰਹਿਣਾ ਇਹੋ ਗੁਰੂ ਕੇ ਭਾਣੇ ਵਿਚ ਚਲਣਾ ਅਤੇ ਗੁਰੂ ਕਾ ਸੱਚਾ ਹੁਕਮ ਮੰਨਣਾ ਹੈ। ਗੁਰਮਤਿ ਗਿਆਨੀ ਦੀ ਕਾਰ ਨਿਰੀ ਸ਼ੁਸ਼ਕ ਵਿਚਾਰ ਵਾਲੀ ਨਹੀਂ, ਬਲਕਿ ਨਾਮ ਸਿਮਰਨ ਵਾਲੇ ਸੱਚੇ ਗੁਰ-ਹੁਕਮ ਦੀ ਤਾਮੀਲ ਹੈ। ਦੇਖੋ ਸੱਚੇ ਗੁਰਮਤਿ ਗਿਆਨੀ ਦੀ ਗੁਰਮਤਿ ਤਾਅਰੀਫ਼ ਕੀ ਹੈ, ਯਥਾ ਗੁਰਵਾਕ :—

ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥੨॥(੪॥੩੫॥੪੮)

ਭੈਰਉ ਮ: ੫, ਪੰਨਾ ੧੧੫੦

ਸੱਚੀ ਗੁਰਮਤਿ ਬੁਧਿ ਬਿਬੇਕ, ਸੱਚਾ ਗੁਰਮਤਿ ਗਿਆਨ, ਹਰੀ ਨਾਮ ਸਿਮਰਨ ਰੂਪੀ ਸੱਚਾ ਧਨ ਸਿੰਚਨ ਕਰਨਾ ਹੀ ਹੈ। ਇਸ ਤੋਂ ਭਿੰਨ ਜੋ ਸ਼ੁੱਧ ਗਿਆਨ ਅਤੇ ਚੁੰਚ ਫ਼ਿਲਾਸਫ਼ੀਆਂ ਹਨ, ਤਿਨ੍ਹਾਂ ਦਾ ਗੁਰਮਤਿ ਅੰਦਰ ਵਿਧਾਨ ਨਹੀਂ। ਨਾਮ ਰੂਪੀ ਸੱਚੇ ਨਿਧਾਨ (ਖ਼ਜ਼ਾਨੇ) ਨੂੰ ਸਿੰਚਨ ਕਰਾਉਣਹਾਰੀ ਅਤੇ ਦ੍ਰਿੜ੍ਹਾਉਣ-ਹਾਰੀ ਗੁਰਮਤਿ ਮੱਤ ਹੀ ਗੁਰਮਤਿ ਫ਼ਿਲਾਸਫ਼ੀ ਹੈ। ਨਾਮ ਤੋਂ ਬੇਮੁਖ ਕਰਾਉਣਹਾਰੀ ਕਿਸੇ ਮੱਤ ਕੁਮੱਤ ਨੂੰ ਗੁਰਮਤਿ ਫਿਲਾਸਫ਼ੀ ਕਹਿਣਾ ਅਤੇ ਅਜਿਹੀ ਕੁਮੱਤ-ਮਤੜੀਆਂ ਭਰੀ ਕਿਸੇ ਪੁਸਤਕ ਨੂੰ ਗੁਰਮਤਿ ਫ਼ਿਲਾਸਫ਼ੀ ਦਾ ਖ਼ਜ਼ਾਨਾ ਕਹਿਣਾ ਨਿਰੀ ਹਮਾਕਤ ਅਤੇ ਕੁਸਮਝ ਹੈ। ਜੋ ਕੁਮੱਤ ਮੱਤੜੀ ਗੁਰਮਤਿ ਨਾਮ ਤੋਂ ਮੁਨਹਰਫ਼ ਕਰਾਵੇ, ਤਿਸ ਕੁਮੱਤੜੀਆਂ-ਭਰੀ-ਪੁਸਤਕ ਨੂੰ ਪੜ੍ਹਨਾ ਸੁਣਨਾ ਗੁਰਮਤਿ ਤੋਂ ਗੁਮਰਾਹ ਹੋਣਾ ਹੈ। ਗੁਰਮਤਿ ਨਾਮ ਦੇ ਦ੍ਰਿੜ੍ਹਾਵਨਹਾਰੇ ਸੁਲੇਖ ਲੇਖਾਂ ਨੂੰ ਇਹ ਆਖਣਾ ਕਿ ਫ਼ੀ ਜ਼ਮਾਨਾ ਏਹਨਾਂ ਦੀ ਅੱਜ ਕਲ੍ਹ

*ਮਾਰੂ ਮ: ੫, (੨॥੧॥੨੪) ਪੰਨਾ ੧੦੦੬



www.AKJ.Org

ਲੋੜ ਨਹੀਂ, ਮਹਾਂ ਅਗਿਆਨ ਭਰੀ ਕਜ-ਫ਼ਹਿਮੀ ਹੈ। ਦੇਖਹੁ ਹੇਠ ਲਿਖਿਆ ਗੁਰ-ਫੁਰਮਾਨ ਇਸ ਪ੍ਰਥਾਇ ਕੈਸਾ ਸੱਚ ਨਿਤਾਰਦਾ ਹੈ, ਯਥਾ ਗੁਰਵਾਕ :—

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥
ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥੧॥
ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ ॥੧॥ਰਹਾਉ॥
ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿਨਾਮਾ ॥੨॥
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥੩॥
ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥
ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪॥੪॥

ਬਿਲਾਵਲੁ ਮ: ੩, ਪੰਨਾ ੭੯੭-੯੮

ਦੇਖਿਆ ! ਇਸ ਗੁਰਵਾਕ ਨੇ ਕੈਸਾ ਸੱਚ ਨਿਆਉਂ-ਨਿਬੇੜਾ ਕੀਤਾ ਹੈ। ਕਈ ਫ਼ਿਲਾਸਫ਼ਰ ਕਹਿੰਦੇ ਹਨ, ਫ਼ੀ ਜ਼ਮਾਨਾ ਨਾਮ ਦੀ ਲੋੜ ਨਹੀਂ, ਨਾਮ-ਮਹਿਮਾ ਪ੍ਰਗਟਾਉਣ ਦ੍ਰਿੜ੍ਹਾਉਣ ਦੀ ਲੋੜ ਨਹੀਂ। ਇਸ ਪਰਪੰਚ ਵਿਖੇ ਵਡਿਆਈ ਅਤੇ ਮਹਿਮਾ ਹੀ ਸੱਚੇ ਨਾਮ ਦੀ ਹੈ। ਐਸਾ ਫ਼ੁਰਮਾਨ ਸਤਿਗੁਰੂ ਸਾਹਿਬ ਹੀ ਫ਼ੁਰਮਾਉਂਦੇ ਹਨ। ਸਤਿਗੁਰੂ ਦੇ ਇਸ ਫ਼ੁਰਮਾਨ ਦੇ ਅੱਗੇ ਨਾਮ ਤੋਂ ਉਲਟ ਬੋਹਤਾਨ (ਬਹੁਗਿਣਤੀ) ਕੀ ਹੈਸੀਅਤ ਰਖਦੇ ਹਨ ? ਐਸਾ ਹੀ ਹੈ ਅਤੇ ਹੋਇ ਵਰਤਣਾ ਹੈ ਜੈਸਾ-ਕਿ ਉਪਰ ਸਤਿਗੁਰੂ ਸਾਹਿਬ ਨੇ ਫ਼ੁਰਮਾਇਆ ਹੈ। ਇਸ ਤੋਂ ਉਲਟ "ਮਤੁ ਕੋ ਧਰਹੁ ਗੁਮਾਨਾ", ਕੋਈ ਕੂੜਾ ਗੁਮਾਨ ਮਤ ਕਰੇ।

ਜਿਸ ਵਡਭਾਗੇ ਗੁਰਮੁਖ ਨੂੰ ਸਤਿਗੁਰੂ ਦੀ ਮਤਿ ਆਈ ਹੈ, ਉਹ ਸਤਿਗੁਰੂ ਦੀ ਰਜ਼ਾ ਵਿਚ ਸਮਾਇਆ ਜਾਣਾ ਆਪਣਾ ਸੁਭਾਗ ਸਮਝਦਾ ਹੈ। ਸਤਿਗੁਰ ਦੀ ਰਜ਼ਾਇ ਵਿਚ ਸਮਾਉਣਾ ਹੀ ਦਰ-ਹਕੀਕਤ ਸਤਿਗੁਰ ਮਾਂਹਿ ਸਮਾਉਣਾ ਹੈ। ਸਤਿਗੁਰੂ ਦੀ ਪਰਮ ਤੱਤ ਰਜ਼ਾ ਨਾਮ ਵਿਚ ਲੀਨ ਹੋਣਾ ਹੈ। ਤਾਂ ਤੇ ਨਾਮ ਵਿਖੇ ਲੀਨਤਾ ਹੀ ਸਤਿਗੁਰ ਮਾਂਹਿ ਜੋਤੀ ਜੋਤਿ ਸਮਾਉਣਾ ਹੈ ਅਤੇ ਜੀਉਂਦੇ-ਜੀ ਸਮਾਇ ਜਾਣਾ ਅਤੇ ਸਰੀਰ ਤਿਆਗ ਕੇ ਭੀ ਸਮਾਇ ਰਹਿਣਾ ਹੈ। ਜਿਸ ਨੂੰ ਮਨ ਬਚ ਕ੍ਰਮ ਕਰਕੇ ਗੁਰਬਾਣੀ ਉਤੇ ਸਰਧਾ-ਭਾਵਨਾ ਆਈ ਹੈ, ਤਿਸ ਦੇ, ਕੇਵਲ ਤਿਸ ਦੇ ਅੰਤਰਿ ਹੀ (ਰੋਮ ਰੋਮ ਵਿਖੇ) ਗੁਰਮਤਿ ਨਾਮੁ ਰਮਿਆ ਹੈ। ਵਾਹ ਕੈਸਾ ਭਰਮ-ਨਿਵਾਰਨੀ-ਗੁਰਵਾਕ ਹੈ :—ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ"। ਚਹੁ ਜੁਗਾਂ ਦਾ ਹੁਣੇ ਇਸ ਜੁਗ ਅੰਦਰਿ ਫ਼ੀ-ਜ਼ਮਾਨਾ ਹੀ ਨਿਬੇੜਾ ਹੋਣਾ ਹੈ, ਕਿਉਂਕਿ ਏਸੇ ਜੁਗ ਜ਼ਮਾਨੇ ਅੰਦਰ ਹੀ ਸਾਰੇ ਜੁਗਾਂ ਦਾ ਨਿਬੇੜਾ ਕਰਨ ਲਈ, ਇਸ ਜੁਗ ਸਮੇਤ ਸਾਰੇ ਜੁਗਾਂ ਦਾ ਨਿਸਤਾਰਾ ਕਰਨ ਲਈ ਗੁਰੂ ਸਤਿਗੁਰ ਸੱਚੇ ਵੈਦ, ਗੁਰੂ ਗੁਰ ਨਾਨਕ ਸਾਹਿਬ ਦੇ ਦੁਆਰਿਓਂ ਨਰ ਮਨੁੱਖਾਂ ਨੂੰ ਇਕੋ ਨਿਧਾਨ, ਨਾਮ ਰੂਪੀ ਸੱਚਾ ਨਿਧਾਨ ਮਿਲਿਆ ਹੈ।

ਸੋ ਜਿਨ੍ਹਾਂ ਗੁਰਮੁਖਾਂ ਇਸ ਸੱਚੇ ਨਾਮ-ਨਿਧਾਨ ਨੂੰ ਸੰਚਿਆ ਹੈ (ਜਪਿਆ ਧਿਆਇਆ ਹੈ ਨਾਮ ਨੂੰ) ਸੋ ਜਗ ਵਿਖੇ, ਇਸ ਸੰਸਾਰ ਅੰਦਰਿ ਸੇਈ ਗੁਰਮੁਖ ਜਨ ਹੀ ਪੂਰੇ ਉਤਰਦੇ ਹਨ; ਅਤੇ ਦਰ-ਪਰਵਾਨ ਪਏ ਹਨ। ਤਾਂ ਤੇ ਗੁਰਮਤਿ ਨਾਮ, ਸੱਚੇ ਨਾਮ ਨੂੰ ਕਹਿਣ ਸੁਨਣ ਅਤੇ ਕਮਾਉਣਹਾਰੇ ਸਭੇ ਹੀ ਸੁਖ ਧਾਮ ਨੂੰ ਪ੍ਰਾਪਤ ਹੋਣਗੇ ਅਤੇ ਸੱਚੇ ਨਿਧਾਨ ਦੇ ਧਨੀ ਬਣਨਗੇ। ਨਾਮ-ਧਰੀਕ ਸਿਖਾਂ ਨੂੰ ਨਾਮ ਦ੍ਰਿੜ੍ਹ ਨਾ ਹੋਣ ਦਾ


www.AKJ.Org

ਅਸਲ ਕਾਰਨ ਇਹ ਹੈ ਕਿ ਉਨ੍ਹਾਂ ਦੀ "ਇਹ ਬਾਣੀ ਜੋ ਜੀਅਹੁ ਜਾਣੈ" ਦੇ ਗੁਰਵਾਕ ਭਾਵ ਵਾਲੀ ਸ਼ਰਧਾ-ਬਿਰਤੀ ਨਹੀਂ ਹੋਈ। ਜੇ ਹੋ ਜਾਵੇ ਅਤੇ ਅਜਿਹੀ ਸ਼ਰਧਾ-ਭਾਵਨੀ ਆ ਜਾਵੇ ਤਾਂ ਉਨ੍ਹਾਂ ਦੇ ਰਿਦੰਤਰਿ ਨਾਮ ਜ਼ਰੂਰ ਦ੍ਰਿੜ੍ਹ ਹੋ ਜਾਵੇ ਅਤੇ ਉਹ ਤੱਤਪਰ ਹੋ ਕੇ ਨਾਮ ਨੂੰ ਜਪਣ ਲਗ ਜਾਣ।

ਗਿਆਨ ਵਿਚਾਰ ਦੇ ਗੁਮਾਨੀ ਲੋਕ, ਬਹੁਤੀਆਂ ਅਕਲਾਂ ਵਾਲੇ ਪੜ੍ਹਾਕੂ ਅਕਲੱਈਆਂ ਦੀ ਸ਼ਰਧਾ ਨਾਮ ਜਪਣ ਵਾਲੀ ਗੱਲ ਤੇ ਠਹਿਰਦੀ ਨਹੀਂ। ਓਹ ਨਾਮ ਜਪਣ ਨੂੰ ਇਕ ਕਮਲੀ ਜਿਹੀ ਅਤੇ ਫੋਕੀ ਅਤੇ ਸੌਖੀ ਸਧਾਰਨ ਗੱਲ ਸਮਝਦੇ ਹਨ, ਜੋ ਗਿਆਨ ਦੇ ਮਹੱਤ ਤੋਂ ਓਹਨਾਂ ਨੂੰ ਬਹੁਤ ਨੀਵੀਂ ਭਾਸਦੀ ਹੈ। ਏਸ ਕਰਕੇ ਓਹ ਇਕ-ਦਮ ਟੀਸੀ ਦੀਆਂ ਗੱਲਾਂ ਸੋਚਣ ਚਿਤਵਣ ਲਗ ਪੈਂਦੇ ਹਨ ਅਤੇ ਨਾਮ ਨੂੰ ਟੀਸੀ ਦੀ ਉੱਚੀ ਸੋਚ ਵਿਚਾਰ ਵਿਚ ਲੈ ਜਾਣਾ ਹੀ ਗੁਰਮਤਿ ਦੀ ਗੌਰਵਤਾ ਸਮਝਦੇ ਹਨ। ਸਾਧਾਰਨ ਨਾਮ ਜਪਣ ਨੂੰ ਓਹ ਇਕ ਹੌਲੀ ਹਲਕੀ ਜਿਹੀ ਗੱਲ ਸ਼ੁਮਾਰ ਕਰਦੇ ਹਨ। ਕਈ ਤਾਂ ਨਾਮ ਨੂੰ ਜਾਪ ਬਿਵਸਥਾ ਤੋਂ ਅਗਮ ਅਗੋਚਰ ਸਰਬ ਵਿਆਪਕ ਹੋਂਦ ਦੀ ਤਾਰੀਫ਼ ਵਿਚ ਵਿਆਪਤ ਕਰਦੇ ਹਨ ਅਤੇ ਕਈ ਸਤਿਨਾਮੀਏ ਗਿਆਨੀ ਗੁਣੀ ਨਾਮ ਬਿਵਸਥਾ ਨੂੰ ਸੁਰਤਿ-ਮੰਡਲਾਂ ਦੀਆਂ ਖੇਡਾਂ ਹੀ ਦਸਦੇ ਹਨ। ਓਹ ਕਹਿੰਦੇ ਹਨ ਜਦੋਂ ਸੁਰਤਿ-ਮੰਡਲ ਵਾਲੀ ਮੰਜ਼ਲ ਪ੍ਰਾਪਤ ਹੋਵੇਗੀ, ਓਦੋਂ ਇਹ ਅਗੰਮੀ ਨਾਮ ਆਪੇ ਸੁਣਨ ਲਗ ਪਵੇਗਾ ਅਤੇ ਓਦੋਂ ਹੀ ਜਗਿਆਸੂ ਦਾ ਧਿਆਨ ਨਾਮ ਧਿਆਉਣ ਵਿਚ ਜੁੜੇਗਾ ਅਤੇ ਓਦੋਂ ਹੀ ਓਸ ਅਗੰਮ ਅਗੋਚਰੀ ਨਾਮ ਦੇ ਸੁਣਨ ਮੰਨਣ ਨਿਧਿਆਸਨ ਦੀਆਂ ਸ਼ਕਤੀਆਂ ਪ੍ਰਫੁਲਤ ਹੋਣਗੀਆਂ।

ਅਸੀਂ ਅਜਿਹੇ ਸੁਰਤਿ-ਮੰਡਲੀਆਂ ਨੂੰ ਪੁਛਦੇ ਹਾਂ ਕਿ ਸੁਰਤਿ ਮੰਡਲ ਵਿਚ ਲੈ ਜਾਣ ਦੀ ਉਪਾਉ-ਜੁਗਤੀ ਯਾ ਪ੍ਰੀਸ਼ਰਮ-ਕਮਾਈ ਓਹਨਾਂ ਪਾਸ ਕਿਹੜੀ ਹੈ? ਓਹਨਾਂ ਦੀ ਅਨੁਮਾਨੀ ਅੰਤਰਿ ਆਤਮਕ ਅਨਭਵੀ ਮੰਜ਼ਲ ਨੂੰ ਪਹੁੰਚਣ ਵਾਸਤੇ ਕਿਹੜਾ ਅਮਲ ਅਭਿਆਸ ਹੈ? ਕੇਵਲ ਕਲਪਨਾ (Imagination) ਨਾਲ ਹੀ ਓਹ ਉੱਚ ਬਿਵਸਥਾ ਨੂੰ ਪਹੁੰਚਿਆ ਲੋੜਦੇ ਹਨ? ਅਥਵਾ Meditation ਯਾ ਅੰਤਰਮੁਖਤਾ Introspection ਵਾਲੀ Positive attitude (ਉਸਾਰੂ ਵਤੀਰਾ) ਧਾਰਨ ਕਰ ਕੇ ਉਸ ਬ੍ਰਹਮ-ਕਲਾ ਦੇ ਪਦ ਨੂੰ ਪ੍ਰਾਪਤ ਕਰਿਆ ਮੰਨਦੇ ਹਨ? ਪਰ ਇਹ ਸਾਰੀਆਂ ਬਿਰਤੀਆਂ ਗੁਰਮਤਿ ਦੇ ਪ੍ਰਤਿਕੂਲ ਹਨ। "ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ" ਅਤੇ "ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ"* ਵਾਲੇ ਗੁਰਵਾਕ ਹੀ ਇਸ ਮਨ-ਕਲਪਤ ਅਮਲ-ਅਭਿਆਸ ਦਾ ਖੰਡਨ ਕਰ ਦਿੰਦੇ ਹਨ। ਪਰਮ ਪਦ ਨੂੰ ਪਹੁੰਚਣ ਲਈ ਤਾਂ ਨਾਮ ਅਭਿਆਸ ਕਮਾਈ ਦੀ ਲੋੜ ਹੈ। ਅਲਪੱਗ ਮੱਤੜੀਆਂ ਦੇ ਮਨ-ਕਲਪਤ ਅਮਲ ਅਭਿਆਸ ਜੇ ਕਾਫ਼ੀ ਹੁੰਦੇ ਤਾਂ ਸਰਬੱਗ ਸਤਿਗੁਰੂ ਨੂੰ ਨਾਮ-ਦਾਰੂ ਲਿਆਉਣ, ਵਰਤਣ ਵਰਤਾਣ ਦੀ ਕੀ ਲੋੜ ਸੀ? ਨਾਮ ਦੁਆਰਾ ਹੀ ਸੁਰਤੀਆਂ ਬਿਰਤੀਆਂ ਖੁਲ੍ਹਣੀਆਂ ਹਨ। ਅਗਮ ਅਗੋਚਰੀ ਮੰਜ਼ਲਾਂ ਤੋੜੀ ਧੁਰ ਪਹੁੰਚਾਵਣ ਲਈ ਧੁਰ ਕੀ ਆਈ ਅਗਮ ਅਗੋਚਰੀ ਅਉਖਧੀ, ਹਾਂ ਜੀ ਗੁਰੂ ਨਾਨਕ ਸੱਚੇ ਵੈਦ ਦੀ ਰਾਹੀਂ ਧੁਰ ਤੋਂ ਆਈ ਅਮਰ-ਜੀਵਨੀ ਜੀਵਨ-ਬੂਟੀ ਹੀ ਗੁਣਕਾਰੀ ਹੈ।

ਅਸਲ ਗੱਲ ਇਹ ਹੈ ਕਿ ਆਮ ਜਗਿਆਸੂ ਇਸ ਜੀਵਨ-ਬੂਟੀ ਦੀ ਅੰਮ੍ਰਿਤ-ਕਲਾ ਤੋਂ ਉਕੇ ਹੀ ਅਸ਼ਰਧਕ ਹਨ, ਉਹਨਾਂ ਨੂੰ ਇਹ ਪਤੀਜ ਨਹੀਂ ਆਉਂਦੀ ਕਿ ਨਾਮ ਵਿਚ ਪਾਰਸ-ਕਲਾ ਹੈ। ਉਹ ਇਸ ਪਾਰਸ ਨੂੰ ਪਰਸਦੇ ਹੀ ਨਹੀਂ। ਪਰਸਣ ਤਾਂ ਜੇ ਉਨ੍ਹਾਂ ਨੂੰ ਨਾਮ ਦੇ ਪਾਰਸ ਰੂਪ ਹੋਣ ਵਿਚ ਸ਼ਰਧਾ ਅਤੇ ਸੱਚਾ ਯਕੀਨ ਭਰੋਸਾ ਹੋਵੇ। ਪਾਰਸ ਪਰਸੇ ਬਿਨਾਂ ਜੇ ਕੋਈ ਲੋਹੇ ਨੂੰ ਸੋਨਾ ਬਣਾਉਣਾ ਲੋਚੇ ਤਾਂ ਕਦੇ ਮੁਮਕਿਨ ਨਹੀਂ। ਯਥਾ ਗੁਰਵਾਕ—

*ਜਪੁਜੀ, ਪਉੜੀ ੧, ਪੰਨਾ ੧


www.AKJ.Org

ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥

ਰਾਮਕਲੀ ਰਵਿਦਾਸ ਜੀ, ਪੰਨਾ ੯੭੩

ਨਾਮ ਨੂੰ ਜਪਣਾ, ਨਾਮ ਦਾ ਅਭਿਆਸ ਕਰਨਾ ਨਾਮ ਰੂਪੀ ਪਾਰਸ ਨੂੰ ਪਰਸਣਾ ਹੈ। ਪਰ ਇਸ ਦੀ ਪਾਰਸ-ਕਲਾ ਨੂੰ ਸੋਈ ਜਾਣਦੇ ਹਨ ਜਿਨ੍ਹਾਂ ਨੇ ਕਿ ਇਸ ਨੂੰ ਪਰਸਿਆ ਹੋਵੇ। ਪਰ ਇਹ ਐਸਾ ਪਾਰਸ ਹੈ ਜਿਸ ਨੂੰ ਖਿਨ ਖਿਨ ਪਰਸਣ ਦੀ ਲੋੜ ਹੈ। ਜਿਉਂ ਜਿਉਂ ਇਸ ਨੂੰ ਪਰਸੋਗੇ ਤਿਉਂ ਤਿਉਂ ਪਾਰਸ ਹੁੰਦੇ ਚਲੇ ਜਾਓਗੇ। ਪਾਰਸ-ਕਲਾ ਦੀਆਂ ਡਿਗਰੀਆਂ ਪਰੇ ਤੋਂ ਪਰੇ ਹਨ ਤੇ ਪਾਰਸ ਪਰਸਣ ਵਾਲਾ ਅਮਲ-ਅਭਿਆਸ ਭੀ ਪਰੇ ਤੋਂ ਪਰੇ ਹੈ। ਲੋਕ ਤਾਂ ਛੂ-ਮੰਤਰ ਕੀ ਛਾਈ ਹੀ ਲੋੜਦੇ ਹਨ, ਪਰ ਗੁਰੂ ਘਰ ਵਿਚ ਸਭ ਕੁਛ ਹੈ। ਅੰਮ੍ਰਿਤ ਨਾਮ ਪਾਰਸ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਿਸ ਅੰਮ੍ਰਿਤ-ਅਧਿਕਾਰੀ ਸਿੱਖੀ ਦੇ ਜਗਿਆਸੂ ਨੂੰ ਅੰਮ੍ਰਿਤ ਛਕਣ ਸਮੇਂ ਨਾਮ ਗੁਰਮੰਤ੍ਰ ਦੀ ਅਮਰ-ਜੀਵਨੀ-ਗੁੜ੍ਹਤੀ ਮਿਲ ਗਈ, ਉਸ ਦੇ ਅੰਤਰ-ਆਤਮੇ ਅੰਮ੍ਰਿਤ ਛਕਣ-ਸਾਰ ਅਤੇ ਅੰਮ੍ਰਿਤ-ਨਾਮ ਮਿਲਣ ਸਾਰ ਹੀ ਛਿਨਕ-ਮਾਤਰ ਵਿਚ ਪਾਰਸ-ਕਲਾ ਪਰਵੇਸ਼ ਹੋ ਜਾਵੰਦੀ ਹੈ। ਰਸ-ਜੋਤਿ-ਪ੍ਰਕਾਸ਼ ਵਾਲੀ ਬਿਵਸਥਾ ਕੇਵਲ ਇਸ ਅੰਮ੍ਰਿਤ-ਨਾਮ ਦੀ ਪਾਰਸ-ਕਲਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਜਿਉਂ ਜਿਉਂ ਨਾਮ ਅਭਿਆਸ ਕਮਾਈ ਹੋਵੇਗੀ, ਤਿਉਂ ਤਿਉਂ ਰਸ-ਜੋਤਿ-ਪ੍ਰਕਾਸ਼-ਕਣੀ ਦਾ ਵਿਗਾਸ ਵਧੇਰੇ ਤੋਂ ਵਧੇਰੇ ਹੁੰਦਾ ਚਲਾ ਜਾਏਗਾ। ਇਸ ਜੋਤਿ-ਪ੍ਰਕਾਸ਼-ਬਿਵਸਥਾ ਦੇ ਚੜ੍ਹਾਉ ਦਾ ਥਾਹ ਕੁਛ ਨਹੀਂ। ਪਰੇ ਤੋਂ ਪਰੇ ਹੈ। ਅਤੇ ਨਾਮ ਅਭਿਆਸ ਕਮਾਈ ਦੀ ਭੀ ਥਾਹ ਨਹੀਂ ਹੈ।

ਜਿਨ੍ਹਾਂ ਪੂਰਬ-ਅੰਕੂਰ ਕਰਮ-ਕਰੂਰੀ-ਜਨਾਂ ਉਤੇ ਅੰਮ੍ਰਿਤ ਛਕਣ ਸਮੇਂ ਉੱਪਰ ਲਿਖੇ ਅਨੁਸਾਰ ਤੱਤ ਕਾਲ ਹੀ ਰਸ-ਜੋਤਿ-ਪ੍ਰਕਾਸ਼ ਵਾਲੀ ਖੇਡ ਨਹੀਂ ਵਰਤਦੀ, ਪਰ ਨਾਮ ਗੁਰਮੰਤ੍ਰ ਦੀ ਦ੍ਰਿੜ੍ਹ ਪ੍ਰਾਪਤੀ ਹੋ ਜਾਂਦੀ ਹੈ, ਉਹ ਭੀ ਨਾਮ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਪ੍ਰਕਾਸ਼ ਵਾਲਾ ਜਲਵਾ ਦੇਖ ਸਕਦੇ ਹਨ। ਪਰ ਇਸ ਰਸ-ਜੋਤਿ-ਪ੍ਰਕਾਸ਼ ਦੇ ਜਲਵੇ ਵਾਲੀ ਭੀ ਅਕਥ ਕਥਾ ਹੈ। ਸੋ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅਭਿਆਸੀ ਜਨ ਪਰ ਨਾਮ ਅਭਿਆਸ ਕਮਾਈ ਦੁਆਰਾ ਇਹ ਦਸ਼ਾ ਜ਼ਰੂਰ ਵਰਤਦੀ ਹੈ, ਕਿਉਂਕਿ ਨਾਮ ਵਿਚ ਪਾਰਸ-ਕਲਾ ਹੈ। ਜਿਉਂ ਜਿਉਂ ਇਸ ਨੂੰ ਪਰਸੋਗੇ, ਅਰਥਾਤ ਜਿਉਂ ਜਿਉਂ ਇਸ ਦੀ ਅਭਿਆਸ ਕਮਾਈ ਕਰੋਗੇ, ਤਿਉਂ ਤਿਉਂ ਇਸ ਦਾ ਪਾਰਸ-ਤਲਿਸਮੀ-ਮੁਅਜਜ਼ਾ (ਜਾਦੂ ਭਰੀ ਕਰਾਮਾਤ) ਵਰਤਦਾ ਜਾਣਾ ਹੈ।

ਲੋਕੀ ਕਹਿੰਦੇ ਹਨ ਕਿ ਬਥੇਰਾ ਬਾਣੀ ਪੜ੍ਹਦੇ ਹਾਂ, ਬਥੇਰਾ ਨਾਮ ਜਪਦੇ ਹਾ, ਕੁਛ ਨਹੀਂ ਬਣਦਾ, ਸਾਨੂੰ ਐਨੇ ਸਾਲ ਹੋ ਗਏ, ਪਰ ਜੋ ਕੁਛ ਨਾਮ ਬਾਣੀ ਸੁਨਣ ਪੜ੍ਹਨ ਦਾ ਮਹਾਤਮ ਗੁਰਬਾਣੀ ਵਿਚ ਲਿਖਿਆ ਹੈ, ਉਸ ਬਿਵਸਥਾ ਵਾਲੀ ਘਟਨਾ ਨਹੀਂ ਘਟੀ। ਇਹ ਉਨ੍ਹਾਂ ਦਾ ਕਹਿਣਾ ਫ਼ਜ਼ੂਲ ਹੈ। ਯਾ ਤਾਂ ਉਨ੍ਹਾਂ ਨੂੰ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਅੰਮ੍ਰਿਤ ਛਕਣ ਦੀ ਬਿਧੀ ਅਤੇ ਗੁਰਮੰਤ੍ਰ ਦੀ ਪ੍ਰਾਪਤੀ ਨਹੀਂ ਹੋਈ, ਯਾ ਅੰਮ੍ਰਿਤ ਛਕਣ ਪਸਚਾਤ ਕੁਛ ਬਿਘਨ ਪੈ ਗਿਆ ਹੈ। ਇਹ ਗੱਲ ਪੱਕੀ ਹੈ ਕਿ ਨਿਗੁਰੇ ਪੁਰਸ਼ਾਂ ਨੂੰ, ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ, ਨਾਮ ਨਹੀਂ ਪ੍ਰਾਪਤ ਹੋ ਸਕਦਾ। ਨਾਮ ਦੀ ਪ੍ਰਾਪਤੀ ਪਿਛੋਂ ਨਾਮ ਦੀ ਕਮਾਈ (ਸਿਮਰਨ) ਗੁਰਬਾਣੀ ਦੀ ਅਤੇ ਕੇਵਲ ਗੁਰਬਾਣੀ ਦੀ ਕਮਾਈ ਉਨ੍ਹਾਂ ਦੀ ਰੂੰਗੇ ਮਾਤਰ ਹੀ ਹੁੰਦੀ ਹੈ, ਅਤੇ ਅੰਮ੍ਰਿਤ ਛਕ ਕੇ, ਨਾਮ ਪ੍ਰਾਪਤ ਕਰ ਕੇ ਭੀ ਬਹੁਤ ਸਾਰੇ ਜਗਿਆਸੂ ਐਸੇ ਹੁੰਦੇ ਹਨ ਕਿ ਜਿਨ੍ਹਾਂ ਨੂੰ ਅੰਮ੍ਰਿਤ ਛਕਣ ਸਮੇਂ ਨਾਮ-ਰਸ ਪ੍ਰਕਾਸ਼ਤ ਨਹੀਂ ਹੋਇਆ ਹੁੰਦਾ। ਤਾਂ ਤੇ ਓਹਨਾਂ ਦੀ ਨਾਮ ਦੀ ਅਤੇ ਬਾਣੀ ਦੀ ਕਮਾਈ ਬਹੁਤ ਥੋੜੀ ਹੁੰਦੀ ਹੈ। ਨਾਮ ਬਾਣੀ ਵਿਚ ਲਥ-ਪਥ ਹੋ ਕੇ ਜੁਟੇ ਬਿਨਾਂ ਤਾਂ "ਸੇਵਾ ਥੋਰੀ ਮਾਗਨੁ ਬਹੁਤਾ"* ਵਾਲੀ ਗੱਲ ਹੀ ਰਹਿ ਜਾਂਦੀ ਹੈ। ਜਿਸ ਪ੍ਰਕਾਰ ਕਿ ਮਾਇਆ ਦੇ ਧੰਧ ਬੰਧ ਵਿਚ ਪ੍ਰਾਣੀ ਲਥ-ਪਥ

*ਸੂਹੀ ਮ: ੫, ਪੰਨਾ ੭੩੮



www.AKJ.Org

ਅਤੇ ਲੰਪਟ ਰਹਿੰਦਾ ਹੈ, ਇਸ ਪ੍ਰਕਾਰ ਇਕ ਵਾਰ ਤਾਂ ਰਾਤ ਦਿਨ ਕਰਕੇ ਨਾਮ-ਕਮਾਈ ਵਿਚ ਜੁਟਣਾ ਪੈਂਦ ਹੈ। ਪਹਿਲੇ ਪਹਿਲ ਸਿਲ ਅਲੂਣੀ ਚੱਟਣੀ ਪੈਂਦੀ ਹੈ, ਜਦ ਤਾਈਂ ਕਿ ਨਾਮ ਦਾ ਰਸ ਨਹੀਂ ਆਉਂਦਾ। ਪਹਿਲਾਂ ਤਾਂ ਇਸ ਜੀਊੜੇ ਨੂੰ ਜਨਮ ਜਨਮ ਦੀ ਮੈਲ ਲਗੀ ਹੋਈ ਹੁੰਦੀ ਹੈ, ਫੇਰ ਏਸ ਜਨਮ ਵਿਚ ਆ ਕੇ ਭੀ ਮਸਾਂ ਪਾਸੰਗ ਮਾਤਰ ਹੀ ਇਸ ਦੀ ਕਮਾਈ ਹੁੰਦੀ ਹੈ। ਤਾਂ ਅਨਮਾਨ ਲਗਾ ਲਵੋ ਕਿ ਓਸ ਦਾ ਇਹ ਆਖਣਾ ਕੀ ਅਰਥ ਰਖਦਾ ਹੈ ਕਿ ਮੈਂ ਬੜੀ ਕਮਾਈ ਕੀਤੀ, ਬੜੀ ਬਾਣੀ ਪੜ੍ਹੀ ਸੁਣੀ, ਪਰ ਕਖ ਨਹੀਂ ਬਣਿਆ। ਇਹ ਉਸ ਦਾ ਆਖਣਾ ਗ਼ਲਤ ਅਤੇ ਕੋਰਾ ਝੂਠ ਹੈ। ਜਨਮ ਜਨਮ ਦੇ ਕੁਕਰਮਾਂ ਦੀ ਮੈਲ ਦੇ ਮੁਕਾਬਲੇ ਵਿਚ ਕਮਾਈ ਤਾਂ ਨਹੁੰ ਮਾਤਰ ਭੀ ਨਹੀਂ ਹੁੰਦੀ। ਸਮੇਂ ਦਾ ਦਸੌਂਧ ਭੀ ਨਹੀਂ ਲੇਖੇ ਲਗਦਾ ਨਾਮ ਬਾਣੀ ਦੀ ਕਮਾਈ ਵਿਚ, ਤਾਂ ਉਸ ਦਾ ਸ਼ਿਕਾ ਬਿਰਥਾ ਅਤੇ ਬਿਲਕੁਲ ਫ਼ਜ਼ੂਲ ਹੈ। ਵੈਦ-ਗੁਰੂ ਦੇ ਹੁਕਮ ਅਨੁਸਾਰ ਓਹ ਕਮਾਈ ਹੀ ਨਹੀਂ ਕਰਦਾ ਅਤੇ ਨਾ ਹੀ ਵੈਦ ਗੁਰੂ ਦੀ ਹਦਾਇਤ ਅਨੁਸਾਰ ਪੱਥ ਸੰਜਮ ਰਖਦਾ ਹੈ ਅਤੇ ਬਿਰਥਾ ਦੋਸ਼ ਨਾਮ ਬਾਣੀ ਨੂੰ ਦਿੰਦਾ ਹੈ। ਕੀ "ਦਮਿ ਦਮਿ ਸਦਾ ਸਮ੍ਾਲਦਾ ਦੰਮੁ ਨਾ ਬਿਰਥਾ ਜਾਇ"‡ ਦੇ ਗੁਰਵਾਕ ਅਨੁਸਾਰੀ ਹਦਾਇਤ ਉਤੇ ਓਹ ਪੂਰੀ ਵਰਤੋਂ ਕਰਦਾ ਹੈ ? ਕਦੇ ਨਹੀਂ। ਜੇ ਕਰੇ ਤਾਂ ਨਾਮ ਬਾਣੀ ਦੀ ਪਾਰਸ-ਕਲਾ ਜ਼ਰੂਰ ਵਰਤੇ :—

ਪੂਛਤ ਹੈ ਬੈਦ ਖਾਤ ਅਉਖਧਿ ਨ ਸੰਜਮ ਸੈ, ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ ॥
ਗਾਏ ਸੁਨੈ ਆਖੈਂ ਮੀਚੈ ਪਾਈਐ ਨ ਪਰਮ ਪਦੁ, ਗੁਰਉਪਦੇਸ ਗਹਿ ਜੌ ਲੌ ਨਾ ਕਮਾਈਐ ॥੪੩੯॥
ਭਾਈ ਗੁਰਦਾਸ ਜੀ, ਕਬਿਤ ਸਵਈਏ

ਵਾਲਾ ਭਾਈ ਗੁਰਦਾਸ ਜੀ ਦਾ ਭਾਵ ਬਿਲਕੁਲ ਸਤਿ ਹੈ। ਬਸ ! ਗੁਰ-ਉਪਦੇਸ਼ ਗਹਿ ਕਰ ਕੇ ਕਮਾਉਣ ਵਿਚ ਹੀ ਕਸਰ ਰਹਿ ਜਾਂਦੀ ਹੈ। ਆਮ ਤੌਰ ਤੇ ਤਾਂ ਇਸ ਗੁਰ-ਉਪਦੇਸ਼ ਨੂੰ ਲੋਕੀ ਸਰਸਰੀ ਅਰਥਾਂ ਵਾਲਾ ਉਪਦੇਸ਼ ਹੀ ਸਮਝਦੇ ਹਨ, ਪਰ ਗੁਰਮਤਿ ਦਾ ਸੱਚਾ ਉਪਦੇਸ਼ ਕੀ ਹੈ ਅਤੇ ਉਸ ਉਤੇ ਅਮਲ ਕਰਨ ਦੀ ਪਾਰਸ-ਕਲਾ ਕੀ ਵਰਤਦੀ ਹੈ, ਓਹ ਇਸ ਇਕ ਗੁਰਵਾਕ ਪੰਗਤੀ ਵਿਚ ਬੜੀ ਅਸਚਰਜ ਸੁੰਦਰਤਾ ਸਹਿਤ ਗੁੰਫਤ ਹੈ। ਯਥਾ :—

ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥੧॥ (੪॥੧੭॥੮੭)
ਸਿਰੀਰਾਗੁ ਮ: ੫, ਪੰਨਾ ੪੮

ਭਾਵ, ਨਾਮ ਜਪਣ ਰੂਪ ਸੱਚੇ ਹੁਕਮ ਉਪਦੇਸ਼ ਦੀ ਪਾਰਸ-ਕਮਾਈ ਦੇ ਤੁਫ਼ੈਲ ਜਨਮ ਜਨਮ ਦੀ ਮੈਲ ਕੱਟੀ ਜਾਂਦੀ ਹੈ।

ਹੁਣ ਜੀਉ ਕਰਦਾ ਹੈ ਕਿ ਨਾਮ ਜਪਣ ਦੀ ਪਾਰਸ-ਕਲਾ ਪ੍ਰਥਾਇ ਕੁਛਕੁ ਗੁਰ-ਪ੍ਰਮਾਣਾਂ ਦੀ ਲੜੀ ਲਿਖੀ ਜਾਏ, ਤਾਕਿ ਇਹ ਗੱਲ ਭਲੀਭਾਂਤ ਸਿਧ ਹੋ ਜਾਵੇ ਕਿ ਨਾਮ ਜਪਣਾ ਕਦੇ ਬਿਰਥਾ ਨਹੀਂ ਜਾਂਦਾ। ਨਾਮ ਰੂਪੀ ਅਉਖਧੀ ਵਰਤਣ ਕਰਿ, ਸਾਰੇ ਸਰੀਰਕ ਅਤੇ ਮਾਨਸਕ ਰੋਗਾਂ ਦਾ ਖ਼ਾਤਮਾ ਹੋ ਜਾਂਦਾ ਹੈ ਅਤੇ ਨਾਮ ਦੇ ਜਪਣ ਕਰਿ ਅਮਿਤ ਬਰਕਤਾਂ ਆ ਵੁਠਦੀਆਂ ਹਨ ਅਤੇ ਅਕਲ ਕਲਾ ਮਈ ਨਾਨਾ ਪ੍ਰਕਾਰ ਦੀ ਪਾਰਸ ਸ਼ਕਤਿ ਪ੍ਰਾਪਤ ਹੁੰਦੀ ਹੈ। ਤਾਂ ਤੇ ਨਾਮ ਦੀ ਮਹਿਮਾ ਵਾਲੇ ਗੁਰਪ੍ਰਮਾਣ ਲਿਖਣੇ ਲਾਜ਼ਮੀ ਹਨ। ਯਥਾ ਗੁਰਵਾਕ :—

੧. ਨਾਮੁ ਲੈਤ ਮਨੁ ਪਰਗਟੁ ਭਇਆ ॥ ਨਾਮੁ ਲੈਤ ਪਾਪੁ ਤਨ ਤੇ ਗਇਆ ॥
ਨਾਮੁ ਲੈਤ ਸਗਲ ਪੁਰਬਾਇਆ ॥ ਨਾਮੁ ਲੈਤ ਅਠਸਠਿ ਮਜਨਾਇਆ ॥੧॥
ਤੀਰਥੁ ਹਮਰਾ ਹਰਿ ਕੋ ਨਾਮੁ ॥ ਗੁਰਿ ਉਪਦੇਸਿਆ ਤਤੁ ਗਿਆਨੁ ॥੧॥ਰਹਾਉ॥

‡ ਬਿਹਾਗੜੇ ਕੀ ਵਾਰ (੨॥੧੯) ਪੰਨਾ ੫੫੬


www.AKJ.Org

ਨਾਮੁ ਲੈਤ ਦੂਖੁ ਦੂਰਿ ਪਰਾਨਾ ॥ ਨਾਮੁ ਲੈਤ ਅਤਿ ਮੂੜ ਸੁਗਿਆਨਾ ॥
ਨਾਮੁ ਲੈਤ ਪਰਗਟਿ ਉਜੀਆਰਾ ॥ ਨਾਮੁ ਲੈਤ ਛੁਟੇ ਜੰਜਾਰਾ ॥੨॥
ਨਾਮੁ,ਲੈਤ ਜਮੁ ਨੇੜਿ ਨ ਆਵੈ ॥ ਨਾਮੁ ਲੈਤ ਦਰਗਹ ਸੁਖੁ ਪਾਵੈ ॥
ਨਾਮੁ ਲੈਤ ਪ੍ਰਭ ਕਹੈ ਸਾਬਾਸਿ ॥ ਨਾਮੁ ਹਮਾਰੀ ਸਾਚੀ ਰਾਸਿ ॥੩॥
ਗੁਰਿ ਉਪਦੇਸੁ ਕਹਿਓ ਇਹੁ ਸਾਰੁ ॥ ਹਰਿ ਕੀਰਤਿ ਮਨ ਨਾਮੁ ਅਧਾਰੁ ॥
ਨਾਨਕ ਉਧਰੇ ਨਾਮ ਪੁਨਹਚਾਰ ॥ ਅਵਰ ਕਰਮ ਲੋਕਹਿ ਪਤੀਆਰ ॥੪॥੧੨॥੨੫॥

ਭੈਰਉ ਮ: ੫, ਪੰਨਾ ੧੧੪੨

੨. ਨਾਮੁ ਹਮਾਰੈ ਅੰਤਰਜਾਮੀ ॥ ਨਾਮੁ ਹਮਾਰੈ ਆਵੈ ਕਾਮੀ ॥
ਰੋਮਿ ਰੋਮਿ ਰਵਿਆ ਹਰਿ ਨਾਮੁ ॥ ਸਤਿਗੁਰ ਪੂਰੈ ਕੀਨੋ ਦਾਨੁ ॥੧॥
ਨਾਮੁ ਰਤਨੁ ਮੇਰੈ ਭੰਡਾਰ ॥ ਅਗਮ ਅਮੋਲਾ ਅਪਰ ਅਪਾਰ ॥੧॥ਰਹਾਉ॥
ਨਾਮੁ ਹਮਾਰੈ ਨਿਹਚਲ ਧਨੀ ॥ ਨਾਮ ਕੀ ਮਹਿਮਾ ਸਭ ਮਹਿ ਬਨੀ ॥
ਨਾਮੁ ਹਮਾਰੈ ਪੂਰਾ ਸਾਹੁ ॥ ਨਾਮੁ ਹਮਾਰੈ ਬੇਪਰਵਾਹੁ ॥੨॥
ਨਾਮ ਹਮਾਰੈ ਭੋਜਨ ਭਾਉ ॥ ਨਾਮੁ ਹਮਾਰੈ ਮਨ ਕਾ ਸੁਆਉ ॥
ਨਾਮੁ ਨ ਵਿਸਰੈ ਸੰਤ ਪ੍ਰਸਾਦਿ ॥ ਨਾਮੁ ਲੈਤ ਅਨਹਦ ਪੂਰੇ ਨਾਦ ॥੩॥
ਪ੍ਰਭ ਕਿਰਪਾ ਤੇ ਨਾਮੁ ਨਉਨਿਧਿ ਪਾਈ ॥ ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ ॥
ਧਨਵੰਤੇ ਸੇਈ ਪਰਧਾਨ ॥ ਨਾਨਕ ਜਾ ਕੈ ਨਾਮੁ ਨਿਧਾਨ ॥੪॥੧੭॥੩੦॥

ਭੈਰਉ ਮ: ੫, ਪੰਨਾ ੧੧੪੪

੩. ਨਾਮੁ ਹਮਾਰੈ ਬੇਦ ਅਰੁ ਨਾਦ ॥ ਨਾਮੁ ਹਮਾਰੈ ਪੂਰੇ ਕਾਜ ॥
ਨਾਮੁ ਹਮਾਰੈ ਪੂਜਾ ਦੇਵ ॥ ਨਾਮੁ ਹਮਾਰੈ ਗੁਰ ਕੀ ਸੇਵ ॥੧॥
ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ ॥ ਸਭ ਤੇ ਉਤਮੁ ਹਰਿ ਹਰਿ ਕਾਮੁ ॥੧॥ਰਹਾਉ॥
ਨਾਮੁ ਹਮਾਰੈ ਮਜਨ ਇਸਨਾਨੁ ॥ ਨਾਮੁ ਹਮਾਰੈ ਪੂਰਨ ਦਾਨੁ ॥
ਨਾਮੁ ਲੈਤ ਤੇ ਸਗਲ ਪਵੀਤ ॥ ਨਾਮੁ ਜਪਤ ਮੇਰੇ ਭਾਈ ਮੀਤ ॥੨॥
ਨਾਮੁ ਹਮਾਰੈ ਸਉਣ ਸੰਜੋਗ ॥ ਨਾਮੁ ਹਮਾਰੈ ਤ੍ਰਿਪਤਿ ਸੁਭੋਗ ॥
ਨਾਮੁ ਹਮਾਰੈ ਸਗਲ ਆਚਾਰ ॥ ਨਾਮੁ ਹਮਾਰੈ ਨਿਰਮਲ ਬਿਉਹਾਰ ॥੩॥
ਜਾ ਕੈ ਮਨਿ ਵਸਿਆ ਪ੍ਰਭੁ ਏਕੁ ॥ ਸਗਲ ਜਨਾ ਕੀ ਹਰਿ ਹਰਿ ਟੇਕ ॥
ਮਨਿ ਤਨਿ ਨਾਨਕ ਹਰਿ ਗੁਣ ਗਾਉ ॥ ਸਾਧ ਸੰਗਿ ਜਿਸੁ ਦੇਵੈ ਨਾਉ ॥੪॥੨੨॥੩੫॥

ਭੈਰਉ ਮ: ੫, ਪੰਨਾ ੧੧੪੫-੪੬

੪. ਸਦਾ ਸਖਾਈ ਹਰਿ ਹਰਿ ਨਾਮੁ ॥
ਜਿਸੁ ਚੀਤਿ ਆਵੈ ਤਿਸੁ ਸਦਾ ਸੁਖੁ ਹੋਵੈ ਨਿਕਟਿ ਨ ਆਵੈ ਤਾ ਕੇ ਜਾਮੁ ॥੧॥ਰਹਾਉ॥

ਭੈਰਉ ਮ: ੫, ਪੰਨਾ ੧੧੪੬

੫. ਰੋਗ ਦੋਖ ਗੁਰ ਸਬਦਿ ਨਿਵਾਰੇ ॥ ਨਾਮ ਅਉਖਧੁ ਮਨ ਭੀਤਰਿ ਸਾਰੇ ॥
ਗੁਰ ਭੇਟਤ ਮਨਿ ਭਇਆ ਅਨੰਦ ॥ ਸਰਬ ਨਿਧਾਨ ਨਾਮ ਭਗਵੰਤ ॥੨॥

ਭੈਰਉ ਮ: ੫, ਪੰਨਾ ੧੧੪੯

੬. ਸਭ ਤੇ ਊਚਾ ਜਾ ਕਾ ਨਾਉ ॥ ਸਦਾ ਸਦਾ ਤਾ ਕੇ ਗੁਣ ਗਾਉ ॥


www.AKJ.Org

ਜਿਸੁ ਸਿਮਰਤ ਸਗਲਾ ਦੁਖੁ ਜਾਇ ॥ ਸਰਬ ਸੂਖ ਵਸਹਿ ਮਨਿ ਆਇ ॥੧॥
ਸਿਮਰਿ ਮਨਾ ਤੂ ਸਾਚਾ ਸੋਇ ॥ ਹਲਤਿ ਪਲਤਿ ਤੁਮਰੀ ਗਤਿ ਹੋਇ ॥੧॥ਰਹਾਉ॥
ਭੈਰਉ ਮ: ੫, ਪੰਨਾ ੧੧੪੮

੭. ਜਿਸੁ ਸਿਮਰਤ ਮਨਿ ਹੋਇ ਪ੍ਰਗਾਸੁ ॥ ਮਿਟਹਿ ਕਲੇਸ ਸੁਖ ਸਹਜਿ ਨਿਵਾਸੁ ॥
ਤਿਸਹਿ ਪਰਾਪਤਿ ਜਿਸੁ ਪ੍ਰਭੁ ਦੇਇ ॥ ਪੂਰੇ ਗੁਰ ਕੀ ਪਾਏ ਸੇਵ ॥੧॥
ਸਰਬ ਸੁਖਾ ਪ੍ਰਭ ਤੇਰੋ ਨਾਉ ॥ ਆਠ ਪਹਰ ਮੇਰੇ ਮਨ ਗਾਉ ॥੧॥ਰਹਾਉ॥
ਜੋ ਇਛਹਿ ਸੋਈ ਫਲੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥
ਆਵਣ ਜਾਣ ਰਹੇ ਹਰਿ ਧਿਆਇ ॥ ਭਗਤਿ ਭਾਇ ਪ੍ਰਭ ਕੀ ਲਿਵ ਲਾਇ ॥੨॥
ਬਿਨਸੇ ਕਾਮ ਕ੍ਰੋਧ ਅਹੰਕਾਰ ॥ ਤੂਟੇ ਮਾਇਆ ਮੋਹ ਪਿਆਰ ॥
ਪ੍ਰਭ ਕੀ ਟੇਕ ਰਹੈ ਦਿਨੁ ਰਾਤਿ ॥ ਪਾਰਬ੍ਰਹਮੁ ਕਰੇ ਜਿਸੁ ਦਾਤਿ ॥੩॥
ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥
ਕਰਿ ਕਿਰਪਾ ਅਪਨੀ ਸੇਵਾ ਲਾਇ ॥ ਨਾਨਕ ਦਾਸ ਤੇਰੀ ਸਰਣਾਇ ॥੪॥੩੧॥੪੪॥
ਭੈਰਉ ਮ: ੫, ਪੰਨਾ ੧੧੪੮

੮, ਆਠ ਪਹਰ ਹਰਿ ਹਰਿ ਜਪੁ ਜਾਪਿ ॥ ਰਾਖਨਹਾਰ ਗੋਵਿੰਦ ਗੁਰ ਆਪਿ ॥੨॥
ਅਪਨੇ ਸੇਵਕ ਕਉ ਸਦਾ ਪ੍ਰਤਿਪਾਰੈ ॥ ਭਗਤ ਜਨਾ ਕੇ ਸਾਸ ਨਿਹਾਰੈ ॥
ਮਾਨਸ ਕੀ ਕਹੁ ਕੇਤਕ ਬਾਤ ॥ ਜਮ ਤੇ ਰਾਖੈ ਦੇ ਕਰਿ ਹਾਥ ॥੩॥
ਨਿਰਮਲ ਸੋਭਾ ਨਿਰਮਲ ਰੀਤਿ ॥ ਪਾਰਬ੍ਰਹਮੁ ਆਇਆ ਮਨਿ ਚੀਤਿ ॥
ਕਰਿ ਕਿਰਪਾ ਗੁਰਿ ਦੀਨੋ ਦਾਨੁ ॥ ਨਾਨਕ ਪਾਇਆ ਨਾਮੁ ਨਿਧਾਨੁ ॥੪॥੩੩॥੪੬॥
ਭੈਰਉ ਮ: ੫, ਪੰਨਾ ੧੧੪੯

੯. ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥ ਨਾਮੁ ਸੁਣਤ ਜਮੁ ਦੂਰਹੁ ਭਾਗੈ ॥
ਨਾਮੁ ਲੈਤ ਸਭ ਦੂਖਹ ਨਾਸੁ ॥ ਨਾਮੁ ਜਪਤ ਹਰਿ ਚਰਣ ਨਿਵਾਸੁ ॥੧॥
ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ ॥
ਰਸਕਿ ਰਸਕਿ ਹਰਿ ਕੇ ਗੁਣ ਗਾਉ ॥੧॥ਰਹਾਉ॥
ਹਰਿ ਸਿਮਰਤ ਕਿਛੁ ਚਾਖੁ ਨ ਜੋਹੈ ॥ ਹਰਿ ਸਿਮਰਤ ਦੈਤ ਦੇਉ ਨ ਪੋਹੈ ॥
ਹਰਿ ਸਿਮਰਤ ਮੋਹੁ ਮਾਨੁ ਨ ਬਧੈ ॥ ਹਰਿ ਸਿਮਰਤ ਗਰਭ ਜੋਨਿ ਨ ਰੁਧੈ ॥੨॥
ਹਰਿ ਸਿਮਰਨ ਕੀ ਸਗਲੀ ਬੇਲਾ ॥ ਹਰਿ ਸਿਮਰਨੁ ਬਹੁ ਮਾਹਿ ਇਕੇਲਾ...॥੩॥
(੪॥੩੬॥੪੯) ਭੈਰਉ ਮ: ੫, ਪੰਨਾ ੧੧੫੦

੧੦. ਚੀਤਿ ਆਵੈ ਤਾਂ ਮਹਾ ਅਨੰਦ ॥ ਚੀਤਿ ਆਵੈ ਤਾਂ ਸਭਿ ਦੁਖ ਭੰਜ ॥
ਚੀਤਿ ਆਵੈ ਤਾਂ ਸਰਧਾ ਪੂਰੀ ॥ ਚੀਤਿ ਆਵੈ ਤਾਂ ਕਬਹਿ ਨ ਝੂਰੀ ॥੧॥
ਅੰਤਰਿ ਰਾਮਰਾਇ ਪ੍ਰਗਟੇ ਆਇ ॥ ਗੁਰਿ ਪੂਰੈ ਦੀਓ ਰੰਗੁ ਲਾਇ ॥੧॥ਰਹਾਉ॥
ਚੀਤਿ ਆਵੈ ਤਾਂ ਸਰਬ ਕੋ ਰਾਜਾ ॥ ਚੀਤਿ ਆਵੈ ਤਾਂ ਪੂਰੇ ਕਾਜਾ ॥
ਚੀਤਿ ਆਵੈ ਤਾਂ ਰੰਗਿ ਗੁਲਾਲ ॥ ਚੀਤਿ ਆਵੈ ਤਾਂ ਸਦਾ ਨਿਹਾਲ ॥੨॥
ਚੀਤਿ ਆਵੈ ਤਾਂ ਸਦ ਧਨਵੰਤਾ ॥ ਚੀਤਿ ਆਵੈ ਤਾਂ ਸਦ ਨਿਭਰੰਤਾ ॥
ਚੀਤਿ ਆਵੈ ਤਾਂ ਸਭਿ ਰੰਗ ਮਾਣੇ ॥ ਚੀਤਿ ਆਵੈ ਤਾਂ ਚੂਕੀ ਕਾਣੇ ॥੩॥


www.AKJ.Org

ਚੀਤਿ ਆਵੈ ਤਾਂ ਸਹਜ ਘਰੁ ਪਾਇਆ ॥ ਚੀਤਿ ਆਵੈ ਤਾਂ ਸੁੰਨਿ ਸਮਾਇਆ ॥
ਚੀਤਿ ਆਵੈ ਸਦ ਕੀਰਤਨੁ ਕਰਤਾ ॥ ਮਨੁ ਮਾਨਿਆ ਨਾਨਕ ਭਗਵੰਤਾ ॥੪॥੮॥੨੧॥

ਭੈਰਉ ਮ: ੫, ਪੰਨਾ ੧੧੪੧

ਉੱਪਰ ਲਿਖੇ ਗੁਰ-ਪਰਮਾਣਾਂ ਤੋਂ ਭਲੀ ਭਾਂਤਿ ਇਹ ਗੱਲ ਸਿੱਧ ਹੋ ਗਈ ਕਿ ਨਾਮ ਜਪਣ ਦੀ ਪਾਰਸ-ਕਮਾਈ ਦੁਆਰਾ ਬਹੁ ਬਹੁ ਭਾਂਤੀ ਫਲ ਸੁਤੇ ਸਹਿਜ ਹੀ ਪ੍ਰਾਪਤ ਹੋ ਜਾਂਦੇ ਹਨ। ਤਾਂ ਤੇ ਇਹਨਾਂ ਗੁਰ-ਪ੍ਰਮਾਣਾਂ ਤੋਂ ਨਾਮ ਦੀ ਪਾਰਸ-ਕਲਾ ਦਾ ਦ੍ਰਿੜ੍ਹ ਨਿਸਚਾ ਜੇ ਅਜੇ ਭੀ ਗੁਰਸਿੱਖਾਂ ਨੂੰ ਨਾ ਆਵੇ ਤਾਂ ਇਸ ਦਾ ਇਹੀ ਭਾਵ ਕੱਢਣਾ ਪਵੇਗਾ ਕਿ ਅਜਿਹੇ ਗੁਰਸਿੱਖਾਂ ਨੂੰ ਗੁਰਬਾਣੀ ਨੂੰ ਸਤਿ ਸਤਿ ਕਰ ਮੰਨਣ ਵਾਲੀ ਸ਼ਰਧਾ-ਭਾਵਨੀ ਨਹੀਂ ਉਪਜੀ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :—

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥੨॥ (੧੪)

ਗਉੜੀ ਕੀ ਵਾਰ, ਪੰਨਾ ੩੦੮

ਜੋ ਗੁਰੂ ਕੇ ਸ਼ਰਧਾਲੂ ਸਿਖ ਹਨ ਤਿਨ੍ਹਾਂ ਨੂੰ ਗੁਰਬਾਣੀ ਸਤਿ ਸਤਿ ਕਰਿ ਮੰਨਣ ਦੀ ਲਾਜ ਹੈ। ਓਹ ਸ਼ਰਧਾ-ਭਾਵਨੀ ਕਰਿ ਨਾਮ ਜਪਣ ਵਿਚਿ ਜੁਟ ਜਾਂਦੇ ਹਨ; ਪਰ ਜਿਨ੍ਹਾਂ ਨੂੰ ਇਹ ਸ਼ਰਧਾ-ਭਾਵਨੀ ਨਹੀਂ ਆਈ ਸੋ ਨਾਮ ਨਹੀਂ ਜਪਦੇ ਅਤੇ ਤਿਨ੍ਹਾਂ ਨੂੰ ਗੁਰਬਾਣੀ ਨੂੰ ਸਤਿ ਸਤਿ ਕਰਿ ਨਾ ਮੰਨਣ ਦੀ ਲਾਜ ਨਹੀਂ ਆਉਂਦੀ। ਅਜਿਹੇ ਲਾਜ ਲਾਉਣ ਵਾਲੇ ਪੁਰਸ਼ਾਂ ਪ੍ਰਤੀ ਗੁਰੂ ਸਾਹਿਬ ਦਾ ਇਹ ਵਾਕ ਹੈ :—

ਲਾਜ ਮਰੈ ਜੋ ਨਾਮੁ ਨ ਲੇਵੈ ॥ ਨਾਮ ਬਿਹੂਨ ਸੁਖੀ ਕਿਉ ਸੋਵੈ ॥
ਹਰਿ ਸਿਮਰਨੁ ਛਾਡਿ ਪਰਮਗਤਿ ਚਾਹੈ ॥ ਮੂਲ ਬਿਨਾ ਸਾਖਾ ਕਤ ਆਹੈ ॥
ਗੁਰੁ ਗੋਵਿੰਦੁ ਮੇਰੇ ਮਨ ਧਿਆਇ ॥
ਜਨਮ ਜਨਮ ਕੀ ਮੈਲੁ ਉਤਾਰੈ ਬੰਧਨ ਕਾਟਿ ਹਰਿ ਸੰਗਿ ਮਿਲਾਇ ॥੧॥ਰਹਾਉ॥

ਭੈਰਉ ਮ: ੫, ਪੰਨਾ ੧੧੪੯

ਇਸ ਵਾਕ ਤੋਂ ਅਤੇ ਪਹਿਲੇ ਵਾਕਾਂ ਤੋਂ, ਸਭ ਤੋਂ ਵੱਡੀ ਗੱਲ ਦਾ ਇਹ ਸਿਧਾਂਤ ਨਿਕਲਦਾ ਹੈ ਕਿ ਨਾਮ ਦੀ ਪਾਰਸ-ਕਲਾ ਦੀ ਬਰਕਤ ਨਾਲਿ ਜਨਮ ਜਨਮ ਦੇ ਰੋਗ ਕਟੇ ਜਾਂਦੇ ਹਨ ਅਤੇ ਜਨਮ ਜਨਮਾਂਤ੍ਰਾਂ ਦੇ ਕਮਾਤੇ ਪਾਪ ਧੋਤੇ ਜਾਂਦੇ ਹਨ। ਇਹ ਸਭ ਪਰਤਾਪ ਨਾਮ ਰੂਪੀ ਪਾਰਸ-ਬੂਟੀ ਦਾ ਹੈ ਅਤੇ ਇਹ ਪਾਰਸ-ਬੂਟੀ ਸਤਿਗੁਰ ਨਾਨਕ ਦੇਵ ਜੀ ਸੱਚੇ ਵੈਦ ਗੁਰੂ ਨੇ ਇਸ ਰੋਗੀ ਸੰਸਾਰ ਲਈ ਨਿਰੰਕਾਰ ਦੇ ਧੁਰ ਧਾਮੋਂ ਲਿਆਂਦੀ।

ਤਾਂ ਤੇ ਗੁਰੂ ਨਾਨਕ ਨਿਰੰਕਾਰੀ ਸੱਚਾ ਵੈਦ ਧੰਨ ਹੈ। ਧੰਨ ਬਾਬਾ ਨਾਨਕ ਨਿਰੰਕਾਰੀ ਤੇ ਰੋਗੀ ਸੰਸਾਰੀਆਂ ਦੇ ਸੱਚੇ ਵੈਦ, ਤੂੰ ਧੰਨ ਹੈਂ। ਤੇਰੇ ਬਾਝਹੁ ਰੋਗੀ ਸੰਸਾਰ ਦੇ ਰੋਗ, ਜਨਮ ਜਨਮਾਂਤ੍ਰਾਂ ਦੇ ਰੋਗ ਕਉਣ ਕੱਟੇ। ਹੇ ਗੁਰੂ ਨਾਨਕ ਸੱਚੇ ਵੈਦ ! ਧੰਨ ਤੇਰੀ ਨਾਮ-ਅਉਖਧੀ, ਜੋ ਤੈਂ ਸੰਸਾਰੀਆਂ ਦੇ ਰੋਗ ਕੱਟਣ ਲਈ ਧੁਰ ਨਿਰੰਕਾਰ ਦੀ ਦਰਗਾਹੋਂ ਲਿਆਂਦੀ। ਇਸ ਬਿਹੂਣ ਸਾਰਾ ਸੰਸਾਰ ਸੱਚ-ਮੁੱਚ ਰੋਗੀ ਸੀ, ਸੰਸਾਰ ਦੇ ਇਸ ਰੋਗ ਨੂੰ ਅਤੇ ਰੋਗੀਆਂ ਨੂੰ ਕੇਵਲ ਗੁਰੂ ਨਾਨਕ ਨਿਰੰਕਾਰੀ ਸੱਚੇ ਵੈਦ ਨੇ ਹੀ ਦੇਖਿਆ ਪਰਖਿਆ ਅਤੇ ਅਤੀ ਕਰੁਣਾ ਕਰਿ ਰੋਗ-ਗ੍ਰਸਤ ਸੰਸਾਰੀ ਜੀਵਾਂ ਉਤੇ ਤਰਸ ਖਾਧਾ, ਅਤੇ ਜਿਸ ਜਿਸ ਵਡਿਭਾਗੇ ਜੰਤ ਨੇ ਸੱਚੇ ਵੈਦ ਗੁਰੂ ਨਾਨਕ ਨਿਰੰਕਾਰੀ ਦੀ ਸੱਚੀ ਅਉਖਧੀ ਨੂੰ ਗੁਰ-ਸੰਜਮੀ ਹਦਾਇਤ ਹੁਕਮ ਅੰਦਰਿ ਖਾਧਾ, ਸੋ ਨਿਰਦੋਖ ਹੋ ਗਏ। ਤਿਨ੍ਹਾਂ ਨੂੰ ਬਾਂਹਿ ਪਕੜਿ ਰੋਗ ਰੂਪੀ ਨਰਕ-ਕੁੰਡ ਤੋਂ ਬਾਹਰ ਕਢਿ ਲਿਆ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ। ਯਥਾ ਗੁਰਵਾਕ :—


www.AKJ.Org

ਨਾਨਕ ਹਉਮੈ ਰੋਗ ਬੁਰੇ ॥
ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ ॥੧॥ਰਹਾਉ॥......
ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥
ਮਾਤ ਪਿਤਾ ਮਾਇਆ ਦੇਹ ਸਿਰੋਗੀ ਰੋਗੀ ਕੁਟੰਬ ਸੰਜੋਗੀ ॥੩॥
ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥੪॥
ਰੋਗੀ ਸਾਤ ਸਮੁੰਦ ਸੁ ਨਦੀਆ ਖੰਡ ਪਤਾਲ ਸਿਰੋਗਿ ਭਰੇ ॥
ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ ॥੫॥
ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ ॥
ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ ॥੬॥
ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ ॥
ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥੭॥
ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥੮॥
ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥
ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥

ਭੈਰਉ ਮ: ੫, ਪੰਨਾ ੧੧੫੩

ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧ ਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥

ਭੈਰਉ ਮ: ੫, ਪੰਨਾ ੧੧੪੧

ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ ॥੪॥
ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰਿ ਮਿਲਿ ਰੋਗ ਬਿਦਾਰੀ ॥੫॥੧੭॥੨੮॥

ਸੋਰਠਿ ਮ: ੫, ਪੰਨਾ ੬੧੭

ਹਾਂ ਜੀ ! ਅੱਜ ਉਸ ਅਰਸ਼ੀ ਵੈਦ ਗੁਰੂ ਬਾਬੇ ਦਾ ਅਵਤਾਰ ਗੁਰਪੁਰਬ ਹੈ, ਜਿਸ ਪ੍ਰਥਾਇ ਸੋਰਠ ਰਾਗ ਵਿਚ ਗੁਰਵਾਕ ਹੈ—"ਮੇਰਾ ਬੈਦੁ ਗੁਰੂ ਗੋਵਿੰਦਾ" ਤੇ ਜਿਸ ਨੇ ਹੇਠਲੇ ਗੁਰਵਾਕ ਅਨੁਸਾਰ ਸੰਸਾਰ ਰੋਗੀ ਨੂੰ ਨਾਮ ਦੀ ਅਉਖਧੀ ਦੇ ਕੇ ਮੁਕਤ ਕੀਤਾ। ਯਥਾ :—

ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥੧॥ਰਹਾਉ॥(੨॥੬॥੩੪) ਪੰਨਾ ੬੧੮

---

ਸੁਣੀ ਪੁਕਾਰ ਦਾਤਾਰ ਪ੍ਰਭੁ, ਗੁਰ ਨਾਨਕ ਜਗ ਮਾਹਿ ਪਠਾਇਆ ॥
ਚਰਨ ਧੋਇ ਰਹਰਾਸਿ ਕਰਿ, ਚਰਣਾਮ੍ਰਿਤੁ ਸਿਖਾਂ ਪਿਲਾਇਆ ॥
ਪਾਰਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰਿ ਇਕੁ ਦਿਖਾਇਆ ॥
ਚਾਰੇ ਪੈਰ ਧਰਮ ਦੇ, ਚਾਰਿ ਵਰਨ ਇਕ ਵਰਨੁ ਕਰਾਇਆ ॥
ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ ॥
ਉਲਟਾ ਖੇਲੁ ਪਿਰੰਮ ਦਾ, ਪੈਰਾ ਉਪਰਿ ਸੀਸੁ ਨਿਵਾਇਆ ॥
ਕਲਿਜੁਗੁ ਬਾਬੇ ਤਾਰਿਆ, ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ ॥
ਕਲਿ ਤਾਰਣਿ ਗੁਰੁ ਨਾਨਕ ਆਇਆ ॥੨੩॥(੧) ਭਾਈ ਗੁਰਦਾਸ ਜੀ


www.AKJ.Org

# ਟਕਸਾਲ ਵਾਲੇ ਮੋਦੀਆ

[ਭਾ: ਸਾ: ਭਾਈ ਰਣਧੀਰ ਸਿੰਘ ਜੀ]

ਮੇਰਰਾਂ ਦੇ ਸਾਈਂ ਆਈਂ ਮੇਹਰ ਕਰਾਈਂ ਜਨ, ਜਾਚਕਾਂ ਨੂੰ ਖ਼ੈਰ ਪਾਈਂ ਦਰਸਨ ਕੇਰੀਆਂ।
ਦਰਸਨ ਖ਼ੈਰ ਪਾਈਂ ਦਰਸਨ ਝੜੀ ਲਾਈਂ, ਦਰਸ ਦਾਮਨ ਦਮਕਾਈਂ ਇਕ ਵੇਰੀਆਂ।
ਦਰਸ ਦਮਕ ਦਸਮੇਸ਼ ਦਿੱਬ ਰੂਪ ਦਿਖਰਾਇ, ਦਹਿ ਵਾਰ ਜਿਵੇਂ ਪਾਈਆਂ ਤੈਂ ਫੇਰੀਆਂ।
ਤਿਵੇਂ ਨਿਜ ਪ੍ਰਿਥਮ ਸਰੂਪ ਪਰਤੱਖ ਦਿਖਰਾਇ, ਦਰਸਾਇ ਪਿਰਾ ਪੂਰਹੁ ਸਿੱਕ ਮੇਰੀਆਂ ॥੧॥

ਦਰਸਨ ਸਿੱਕ ਮੇਰੀ ਨਦਰ ਮਿਹਰ ਤੇਰੀ, ਨਦਰ ਕਰਤ ਕਦੇ ਲਾਈਆਂ ਨਾ ਡੇਰੀਆ।
ਡੇਰੀਆਂ ਨਾ ਲਾਈਂ ਮੈਂਡੀ ਆਸੜੀ ਪੁਜਾਈਂ ਸਾਈਂ, ਦਰਸਨ ਆਸਾਂ ਮੋਹਿ ਲਗੀਆਂ ਘਨੇਰੀਆ।
ਆਸ ਦਰਸ ਘਨੇਰੀ ਪਾਵਹੁ ਦਰਸਨ ਫੇਰੀ, ਰਚਹੁ ਜੋਤਿ ਜਗਨੇਰੀ ਚੋਜੀ ਚਲਤ ਰੂਪੇਰੀਆ।
ਚੋਜੀ ਚਲਤ ਰਚਾਵਹੁ ਰੂਪ ਚੋਜਸੀ ਵਟਾਵਹੁ, ਦਿਬ ਕਾਇਆਂ ਪਲਟਾਵਹੁ ਮੇਰੇ ਜੋਤ ਜੁਗਤੇਰੀਆਂ ॥੨॥

ਜੋਤਿ ਤੇ ਜੁਗਤਿ ਓਹਾ, ਚੋਜ ਤੇ ਚਲਤ ਓਹਾ, ਨੂਰ ਤੇ ਜ਼ਹੂਰ ਸਾਇ, ਬਿਸਮ ਬਿਨੋਦੀਆਂ।
ਬਿਸਮ ਜ਼ਹੂਰ ਤੇਰਾ, ਬਿਸਮਨ ਨੂਰ ਤੇਰਾ, ਬਿਸਮ ਸਰੂਰ ਮੇਰੇ ਕ੍ਰਿਸ਼ਮ ਸਰੋਦੀਆਂ।
ਕ੍ਰਿਸ਼ਮ ਸਰੋਦ ਤੇਰਾ, ਕ੍ਰਿਸ਼ਮ ਬਿਨੋਦ ਤੇਰਾ, ਬਿਸਮ ਕ੍ਰਿਸ਼ਮ ਤੇਰਾ ਜੋਤਿ ਬਿਸਮੋਦੀਆਂ।
ਫ਼ਰਸ਼ ਕੁਰਸ ਅਰਸ਼ਾਂ ਤੇ ਗੁਰ ਹੱਟ ਤੇਰੀ, ਸ਼ਬਦ ਸੁਰਤਿ ਟਕਸ਼ਾਲ ਵਾਲੇ ਮੋਦੀਆ ॥੩॥

ਮੋਦੀਆਂ ਦਾ ਮੋਦੀ ਸੱਚਾ, ਸ਼ਬਦ ਸਰੋਦੀ ਸੱਚਾ, ਅਨਦ ਬਿਨੋਦੀ ਸੱਚਾ, ਸ਼ਾਹ ਸੁਲਤਾਨ ਤੂੰ।
ਸ਼ਾਹ ਸੁਲਤਾਨ ਸਾਰੇ ਖੰਡ ਦੀਪ ਮੰਡਲਾਂ ਦਾ, ਲੋਆਂ ਬ੍ਰਹਿਮੰਡਾਂ ਪੁਰੀਆਂ ਦਾ ਪ੍ਰਾਣ ਤ੍ਰਾਣ ਤੂੰ।
ਪ੍ਰਾਣ ਅਤੇ ਤ੍ਰਾਣ ਸੁਰ ਨਰ ਮੁਨਿ ਸਾਰਿਆਂ ਦਾ, ਸੂਰ ਚੰਦ ਤਾਰਿਆਂ ਦਾ, ਜੋਤਿ ਦਾਨ ਭਾਨ ਤੂੰ।
ਜੋਤਿ ਦਾਨ ਭਾਨ ਸਭ ਗਗਨ ਨਖੱਤਰਾਂ ਦਾ, ਮੋਦੀ ਹੁਇ ਆਇਆ ਵਿਚ ਪੁਰ ਸੁਲਤਾਨ ਤੂੰ ॥੪॥

ਮੋਦੀ ਹੋਇ ਆਇਆ, ਵੱਡਾ ਸਾਂਗ ਵਰਤਾਇਆ, ਸਿੱਕਾ ਸਬਦ ਚਲਾਇਆ, ਰੱਚੀ ਸੱਚ ਟਕਸਾਲ ਤੈਂ।
ਵੇਈਂ ਪਰਵੇਸ਼ ਕਰਿ, ਗਗਨੀ ਗਮਨ ਕੀਆ, ਜਾਇ ਸੱਚ ਖੰਡ ਲੀਆ, ਹੁਕਮ ਅਕਾਲ ਤੈਂ।
ਹੁਕਮ ਰਜ਼ਾਇ ਪਾਇ ਭਵਨੀ ਰਮਨ ਕੀਆ, ਅਲਖ ਲਖਾਇ ਦੀਆ, ਮੰਤਰ ਰਸਾਲ ਤੈਂ।
ਪਾਰਸ ਰਸਾਲ ਗੁਰ, ਮੰਤਰ ਕਮਾਲ ਕਲਾ, ਜਗ ਵਰਤਾਇ ਕੀਤਾ ਨਦਰਿ ਨਿਹਾਲ ਤੈਂ ॥੫॥

ਨਦਰ ਨਿਹਾਰ ਨਿਸਤਾਰਿਆ ਜਗਤ ਸਾਰਾ, ਭਗਤਿ ਵਿਥਾਰ ਨਿਰੰਕਾਰ ਕਰਤਾਰ ਦੀ।
ਨਾਮ ਪਰਸਿੱਧ ਤੇਰਾ ਨਾਨਕ ਨਿਰੰਕਾਰੀ, ਮੂਰਤਿ ਪ੍ਰਤਖ ਤੂੰ ਅਲੱਖ ਨਿਰੰਕਾਰ ਦੀ।
ਮੂਰਤਿ ਅਕਾਲ ਨੂਰ, ਤੇਜਸੀ ਜਲਾਲ ਕ੍ਰਾਂਤ, ਸਾਂਤਕੀ ਕਮਾਲ ਕਣੀ ਜਲਵ ਜੋਤਾਰ ਦੀ।
ਜਲਣ ਜੋਤਾਰ ਝਲਕਾਰ ਦੀ ਅਮਿੱਤ ਗਤਿ, ਮਹਿਮਾ ਅਪਾਰ ਤੇਰੇ ਦਿੱਬ ਦਰਸਾਰ ਦੀ ॥੬॥

ਦਿਬ ਦਰਸਾਰੀ ਦਿਬ ਦ੍ਰਿਸ਼ਟ ਨਗਾਰੀ ਜਨ, ਲੱਖਣ ਪਿੱਖਨ ਤੇਰੀ ਤਤ ਜੋਤਿ ਮੂਰਤੀ।
ਮੂਰਤੀ ਅਨੂਪ ਰੂਪ ਬਿਸਮ ਸਰੂਪ ਇਕ, ਜੋਤਿ ਆਭਾ ਅਨਿਕ ਉਦੋਤ ਤੇਰੀ ਮੂਰਤੀ।
ਅਨਿਕ ਉਦੋਤ ਆਭਾ ਅਛਿਤ ਅਛੋਤ, ਦਸ, ਦ੍ਰਿਸ਼ਯ ਇਕ ਜੋਤਿ ਓਤ ਪੋਤ ਤੇਰੀ ਮੂਰਤੀ।
ਅਨੰਗ ਤੇ ਅਭੰਗ ਤੂੰ, ਅਭੇਦ ਹਰ ਸੰਗ ਇਕ ਮਿੱਕ ਗੁਰ ਨਾਨਕ ਅਦੋਤ ਤੇਰੀ ਮੂਰਤੀ ॥੭॥

["ਦਰਸ਼ਨ ਝਲਕਾਂ" ਪੁਸਤਕ ਵਿਚੋਂ


www.AKJ.Org

# ਭਾਈ ਭੂਮੀਆ—ਚੋਰ ਕਿ ਸਾਧ !

[ਗੁਰਮਤਿ ਪ੍ਰਚਾਰ ਸਭਾ, ਰੋਪੜ]

ਢਾਕਾ ਇਕ ਪੁਰਾਣਾ ਸ਼ਹਿਰ ਹੈ। ਅਜ ਕਲ੍ਹ ਭਾਵੇਂ ਇਹ ਬੰਗਲਾ ਦੇਸ਼ ਦੀ ਰਾਜਧਾਨੀ ਹੈ, ਪਰ ਪਹਿਲਾਂ ਇਹ ਭਾਰਤ ਦਾ ਇਕ ਹਿੱਸਾ ਹੁੰਦਾ ਸੀ। ਲਗਪਗ ੫੦੦ ਸਾਲ ਪਹਿਲਾਂ ਇਸ ਸ਼ਹਿਰ ਦੇ ਨੇੜੇ ਇਕ ਬਸਤੀ ਵਿਚ ਇਕ ਬੜਾ ਤਕੜਾ ਜ਼ਿਮੀਦਾਰ ਰਹਿੰਦਾ ਹੁੰਦਾ ਸੀ। ਉਸ ਦਾ ਚਲਾਇਆ ਲੰਗਰ ਆਏ ਗਏ ਲੋਕਾਂ ਲਈ ਹਰ ਸਮੇਂ ਖੁਲ੍ਹਾ ਰਹਿੰਦਾ ਸੀ। ਸਾਧ-ਸੰਤ, ਗ਼ਰੀਬ-ਗੁਰਬਾ ਜੋ ਵੀ ਆਉਂਦਾ, ਉਸ ਲੰਗਰ ਤੋਂ ਅੰਨ-ਪਾਣੀ ਛਕ ਕੇ ਪ੍ਰਸੰਨ ਹੁੰਦਾ ਅਤੇ ਜ਼ਿਮੀਦਾਰ ਦੀ ਜੈ ਜੈ ਕਰਦਾ ਜਾਂਦਾ। ਇਸ ਤਰ੍ਹਾਂ ਇਸ ਜ਼ਿਮੀਦਾਰ ਦੀ ਮਸ਼ਹੂਰੀ ਦੂਰ ਨੇੜੇ ਫੈਲ ਚੁਕੀ ਸੀ। ਲੋਕਾਂ ਵਿਚ ਅਤੇ ਰਾਜ ਦਰਬਾਰ ਵਿਚ ਵੀ ਉਸ ਨੂੰ ਚੰਗਾ ਮਾਨ ਆਦਰ ਪ੍ਰਾਪਤ ਸੀ।

ਇਕ ਵਾਰ ਇਸ ਦੇ ਘਰ ਇਕ ਉਤਮ ਮਹਾਂਪੁਰਸ਼ ਆ ਗਏ, ਜਿਨ੍ਹਾਂ ਦੇ ਚਿਹਰੇ ਤੇ ਬੜੀ ਰੌਣਕ ਸੀ। ਉਨ੍ਹਾਂ ਨੂੰ ਵੇਖ ਕੇ ਇਹ ਜ਼ਿਮੀਦਾਰ ਬੜਾ ਪ੍ਰਭਾਵਤ ਹੋਇਆ ਅਤੇ ਸੇਵਾ ਵਿਚ ਆਪ ਹਾਜ਼ਰ ਹੋ ਕੇ ਚੰਗੀ ਆਉ-ਭਗਤ ਕਰਨ ਲਗਾ। ਪ੍ਰਸ਼ਾਦ-ਪਾਣੀ ਛਕਾਉਣ ਲਈ ਜਦ ਉਨ੍ਹਾਂ ਪਾਸ ਬੇਨਤੀ ਕੀਤੀ ਤਾਂ ਮਹਾਂਪੁਰਸ਼ ਕਹਿਣ ਲਗੇ, "ਭਲਾ ਹੋਵੀ ! ਪਹਿਲਾਂ ਤੂੰ ਸਾਨੂੰ ਦਸ ਕਿ ਤੂੰ ਕਿਰਤ ਕੀ ਕਰਦਾ ਏਂ ?"

ਜ਼ਿਮੀਦਾਰ ਇਹ ਓਪਰਾ ਜਿਹਾ ਸਵਾਲ ਸੁਣ ਕੇ ਠਠੰਬਰ ਜਿਹਾ ਗਿਆ। ਕਿਉਂਕਿ ਉਸ ਨੂੰ ਇਸਤਰ੍ਹਾਂ ਦਾ ਸੁਆਲ ਅਗੇ ਕਿਸੇ ਨੇ ਵੀ ਪੁਛਣ ਦਾ ਹੌਸਲਾ ਨਹੀਂ ਸੀ ਕੀਤਾ। ਮਿੰਟ ਕੁ ਮਿੰਟ ਉਹ ਸੋਚਣ ਲਗਾ ਕਿ ਮੈਂ ਕੀ ਉਤਰ ਦੇਵਾਂ ? ਜੇ ਚੋਰੀ ਕਰਨਾ, ਧਾੜੇ ਮਾਰਨਾ ਆਪਣਾ ਕੰਮ ਦਸਦਾ ਹਾਂ ਤਾਂ ਇਹ ਗੱਲ ਭੈੜੀ ਲਗਦੀ ਹੈ। ਜੇ ਝੂਠ ਬੋਲਦਾ ਹਾਂ ਤਾਂ ਜਾਪਦਾ ਹੈ ਇਹ ਸੰਤ ਪੂਰੇ ਸੂਰੇ ਹਨ। ਉਹ ਇਹ ਸੋਚਣ ਲਗਾ ਕਿ ਇਹ ਵੀ ਹੋ ਸਕਦਾ ਹੈ, ਕਿਧਰੋਂ ਇਨ੍ਹਾਂ ਨੂੰ ਮੇਰੇ ਕੰਮ ਬਾਰੇ ਪਤਾ ਲਗ ਹੀ ਗਿਆ ਹੋਵੇ। ਇਸਤਰ੍ਹਾਂ ਝੂਠ ਬੋਲ ਕੇ ਕਿਧਰੇ ਸ਼ਰਮਿੰਦਾ ਹੀ ਨ ਹੋਣਾ ਪਵੇ। ਆਖ਼ਰ ਜ਼ਿਮੀਦਾਰ ਨੇ ਹੌਸਲਾ ਕਰ ਕੇ ਕਹਿ ਹੀ ਦਿਤਾ, "ਮਹਾਰਾਜ ! ਕਿਰਤ ਮੇਰੀ ਚੰਗੀ ਨਹੀਂ। ਤੁਹਾਡੇ ਅਗੇ ਮੈਥੋਂ ਝੂਠ ਨਹੀਂ ਬੋਲਿਆ ਜਾਂਦਾ। ਅਗੇ ਮੈਂ ਆਪ ਰਾਹੀਆਂ ਨੂੰ ਲੁਟਦਾ ਅਤੇ ਚੋਰੀ ਡਾਕੇ ਮਾਰਦਾ ਹੁੰਦਾ ਸੀ, ਪਰ ਹੁਣ ਮੈਂ ਇਸ ਕੰਮ ਲਈ ਨੌਕਰ ਰਖੇ ਹੋਏ ਹਨ। ਪਰ ਇਹ ਸਾਰੀ ਕਮਾਈ ਮੈਂ ਭਲੇ ਅਰਥ ਇਸ ਲੰਗਰ ਵਿਚ ਹੀ ਲਾਉਂਦਾ ਹਾਂ। ਰਾਹ ਜਾਂਦਾ ਗਰੀਬ-ਗੁਰਬਾ, ਸਾਧ-ਸੰਤ ਇਥੋਂ ਲੰਗਰ ਛਕ ਕੇ ਤ੍ਰਿਪਤ ਹੁੰਦਾ ਹੈ ਅਤੇ ਖੁਸ਼ ਹੋ ਕੇ, ਮੈਨੂੰ ਅਸੀਸਾਂ ਹੀ ਦੇਂਦੇ ਜਾਂਦੇ ਹਨ।"

ਮਹਾਂਪੁਰਸ਼ ਸੁਣ ਕੇ ਮੁਸਕਰਾਏ ਤੇ ਬੋਲੇ, "ਭਲਾ ਹੋਵੀ, ਜੋ ਸਚ ਬੋਲਿਆ ਈ।"

ਉਹ ਜ਼ਿਮੀਦਾਰ, ਜਿਸ ਦਾ ਨਾਂ ਇਤਿਹਾਸ ਵਿਚ ਭੂਮੀਆ ਲਿਖਿਆ ਹੋਇਆ ਹੈ, ਬੋਲਿਆ, "ਮਹਾਰਾਜ ! ਅੱਜ ਤਕ ਮੈਨੂੰ ਕਿਸੀ ਨੇ ਇਸ ਤਰ੍ਹਾਂ ਨਹੀਂ ਸੀ ਪੁਛਿਆ। ਅੱਜ ਪਹਿਲਾ ਦਿਨ ਹੈ, ਤੁਸੀਂ ਇਹ ਸਵਾਲ ਪੁਛਿਆ ਤੇ ਮੈਂ ਸਚੋ-ਸਚ ਦਸ ਦਿਤਾ ਹੈ। ਸੋ ਆਓ, ਹੁਣ ਪ੍ਰਸ਼ਾਦ ਛਕੋ।"

ਇਹ ਮਹਾਂਪੁਰਸ਼ ਗੁਰੂ ਨਾਨਕ ਦੇਵ ਜੀ ਸਨ, ਜਿਨ੍ਹਾਂ ਨੇ ਸੁਣ ਕੇ ਕਿਹਾ, "ਭਾਈ ! ਤੂੰ ਆਪਣੀ ਕਿਰਤ ਆਪ ਹੀ ਮਾੜੀ ਦਸੀ ਹੈ। ਮਾੜੀ ਜਾਂ ਗ਼ਲਤ ਕਮਾਈ ਦਾ ਖਾਧਾ ਹੋਇਆ ਅੰਨ, ਮਨ ਨੂੰ ਮੈਲਾ ਕਰਦਾ ਹੈ। "ਜੈਸਾ ਅੰਨ ਤੈਸਾ ਮਨ" ਦੇ ਕਥਨ ਅਨੁਸਾਰ ਮਾੜੀ ਕਮਾਈ ਦਾ ਭੋਜਨ ਸਾਡੇ ਖਾਣ ਦਾ ਨਹੀਂ।"

ਭੂਮੀਆ ਕਹਿਣ ਲਗਾ, "ਜਦ ਮੈਂ ਸਾਰੀ ਕਮਾਈ ਇਸ ਭਲੇ ਕੰਮ ਵਿਚ ਹੀ ਲਾ ਦੇਂਦਾ ਹਾਂ ਤਾਂ ਕੀ ਇਸ ਕਮਾਈ ਵਿਚ ਹਾਲਾਂ ਵੀ ਕੋਈ ਦੋਸ਼ (ਭੈੜ) ਬਾਕੀ ਰਹਿ ਜਾਂਦਾ ਹੈ ?"

ਗੁਰੂ ਜੀ ਨੇ ਫ਼ੁਰਮਾਇਆ, "ਭਾਈ ! ਇਹ ਤੈਨੂੰ ਬੜਾ ਵਡਾ ਭੁਲੇਖਾ ਹੈ ਕਿ ਪਾਪ ਦੀ ਕਮਾਈ ਵਿਚੋਂ ਲੰਗਰ ਚਲਾਉਣ ਨਾਲ, ਉਹ ਪਵਿਤਰ ਹੋ ਜਾਂਦੀ ਹੈ।"



www.AKJ.Org

ਮਾਰਣ ਪਾਹਿ ਹਰਾਮ ਮਹਿ, ਹੋਇ ਹਲਾਲੁ ਨ ਜਾਇ ॥੨॥੭॥ (ਮ: ੧, ਪੰਨਾ ੧੪੧)

ਦਾ ਅਰਥ ਸਮਝਾਉਂਦਿਆਂ ਗੁਰੂ ਜੀ ਨੇ ਕਿਹਾ ਕਿ ਜਿਸ ਤਰ੍ਹਾਂ ਹਰਾਮ ਦੇ ਮਾਲ ਵਿਚ ਮਸਾਲੇ ਪਾਉਣ ਨਾਲ ਉਹ ਹਲਾਲ ਨਹੀਂ ਬਣ ਜਾਂਦਾ, ਇਸੇ ਤਰ੍ਹਾਂ ਚੋਰੀ ਠੱਗੀ ਦੀ ਕਮਾਈ ਵਿਚੋਂ ਦਾਨ-ਪੁੰਨ ਕਰ ਦੇਣ ਨਾਲ ਜਾਂ ਲੰਗਰ ਚਲਾਉਣ ਨਾਲ ਪਾਪ ਦੀ ਕਮਾਈ ਪਵਿਤਰ ਨਹੀਂ ਹੋ ਸਕਦੀ। ਇਹ ਭੁਲੇਖਾ ਕਢ ਦੇ।" ਗੁਰੂ ਜੀ ਨੇ ਕਿਹਾ, "ਦੇਖ ਭੂਮੀਆ ! ਜੇ ਤੂੰ ਚੋਰੀ ਕਰਦਾ ਪਕੜਿਆ ਜਾਏਂ ਤਾਂ ਦਸ ਕਿ ਚੋਰੀ ਕਰਨ ਦੀ ਸਜ਼ਾ ਤੈਨੂੰ ਮਿਲੇਗੀ ਜਾਂ ਕਿਸੇ ਹੋਰ ਨੂੰ ?"

ਭੂਮੀਆ ਬੋਲਿਆ, "ਜੀ ਮੈਨੂੰ।"

ਗੁਰੂ ਜੀ ਨੇ ਹੋਰ ਕਿਹਾ "ਭੂਮੀਆ ! ਜ਼ਰਾ ਸੋਚ ! ਜਿਨ੍ਹਾਂ ਨੂੰ ਤੂੰ ਲੁਟਦਾ ਏਂ, ਦੁਖੀ ਕਰਦਾ ਏਂ ਜਾਂ ਜਾਨੋਂ ਮਾਰ ਦੇਂਦਾ ਏਂ, ਉਨ੍ਹਾਂ ਦੇ ਯਤੀਮ ਬੱਚੇ ਤੇ ਪਰਵਾਰ ਦੇ ਹੋਰ ਜੀਅ ਦੁਖੀ ਹੋ ਕੇ ਰੋਂਦੇ ਹੋਣਗੇ ਤੇ ਕੀਰਨੇ ਪਾ ਪਾ ਕੇ ਬਦਅਸੀਸਾਂ ਵੀ ਦੇਂਦੇ ਹੋਣਗੇ। ਇਹ ਵੱਖਰੀ ਗੱਲ ਹੈ ਕਿ ਪਾਪ ਕਰ ਕੇ ਤੇਰਾ ਮਨ ਕਠੋਰ ਹੋ ਗਿਆ ਹੈ, ਜਿਸ ਕਰਕੇ ਤੇਰੇ ਮਨ ਵਿਚ ਤਰਸ ਨਹੀਂ ਰਿਹਾ। ਪਰ ਯਾਦ ਰਖ ! ਜਿਥੇ ਤਰਸ ਨ ਹੋਵੇ, ਜਿਥੇ ਦਇਆ ਨ ਹੋਵੇ, ਉਥੇ ਧਰਮ ਨਹੀਂ ਹੁੰਦਾ। ਦਇਆ ਕਰਨੀ ਹੀ ਮਨੁਖੀ ਧਰਮ ਦਾ ਮੂਲ ਹੈ, ਮੁਢ ਹੈ।"

ਭੂਮੀਆ ਸਿਰ ਨੀਵਾਂ ਕਰੀ ਸੁਣਦਾ ਜਾ ਰਿਹਾ ਸੀ।

ਗੁਰੂ ਜੀ ਬੋਲੇ, "ਦੇਖ ਭੂਮੀਆ ! ਤੇਰੇ ਅੰਦਰ ਧਰਮ ਦਾ ਕਿਣਕਾ ਹਾਲਾਂ ਵੀ ਹੈ, ਜਿਸ ਕਰਕੇ ਤੂੰ ਸੱਚ ਬੋਲਿਆ ਹੈ। ਇਸ ਸੱਚ ਬੋਲਣ ਨਾਲ ਤੇਰੇ ਉਤੇ ਪ੍ਰਭੂ ਦੀ ਦਇਆ ਹੋ ਸਕਦੀ ਹੈ, ਪਰ ਜੇ ਤੂੰ ਇਹ ਚੋਰੀ ਕਰਨੀ ਛਡ ਦੇਵੇਂ। ਅਗੋਂ ਮਿਹਨਤ ਕਰ ਕੇ ਨੇਕ ਕਿਰਤ ਕਰੇਂ, ਫਿਰ ਉਸ ਨੇਕ ਕਮਾਈ ਵਿਚੋਂ ਕੁਝ ਭਲੇ ਕੰਮ ਲਈ ਖਰਚ ਕਰੇਂ ਤਾਂ ਤੇਰਾ ਭਲਾ ਇਥੇ ਵੀ ਹੋਏਗਾ ਤੇ ਅੱਗੇ ਵੀ।

ਨਾਨਕ ਅਗੈ ਸੋ ਮਿਲੈ ਜਿ ਖਟੇ, ਘਾਲੇ, ਦੇਇ ॥੧॥੧੭॥ (ਆਸਾ ਦੀ ਵਾਰ)

ਦਾ ਅਰਥ ਗੁਰੂ ਜੀ ਨੇ ਸਮਝਾਂਦਿਆਂ ਕਿਹਾ ਕਿ ਮਨੁਖ ਜੋ ਮਿਹਨਤ ਨਾਲ ਕੀਤੀ ਸੱਚੀ-ਸੁੱਚੀ ਕਿਰਤ ਵਿਚੋਂ ਕੁਝ ਭਲੇ ਕੰਮ ਲਈ ਦੇਵੇ ਤਾਂ ਉਸ ਦਾ ਫਲ ਮਿਲਦਾ ਹੈ।

ਭੂਮੀਏ ਦਾ ਮਨ ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਹੋਰ ਦਾ ਹੋਰ ਹੋ ਰਿਹਾ ਸੀ। ਥੋੜ੍ਹੀ ਦੇਰ ਮਗਰੋਂ ਬੋਲਿਆ, "ਮਹਾਰਾਜ ! ਮੈਂ ਅੱਜ ਪਹਿਲੀ ਵਾਰ ਮਹਿਸੂਸ ਕੀਤਾ ਹੈ ਕਿ ਮੈਂ ਜੋ ਕਰਦਾ ਚਲਾ ਆ ਰਿਹਾ ਹਾਂ, ਉਹ ਗਲਤ ਹੈ। ਹੁਣ ਮੈਂ ਚਾਹੁੰਦਾ ਹਾਂ ਕਿ ਇਹ ਮਾੜਾ ਕੰਮ ਛਡ ਦੇਵਾਂ। ਪਰ ਮੇਰੀ ਇਹ ਆਦਤ ਇਤਨੀ ਪਕ ਚੁਕੀ ਹੈ ਜੋ ਹੁਣ ਛੁਟ ਨਹੀਂ ਸਕਦੀ। ਕਿਉਂਕਿ ਇਹ ਮਾੜੀ ਆਦਤ ਮੈਨੂੰ ਆਪਣੇ ਬਾਪ ਦਾਦੇ ਦੇ ਵੇਲੇ ਤੋਂ ਪਈ ਹੋਈ ਹੈ।"

ਮਹਾਰਾਜ ਸਮਝਦੇ ਸਨ ਕਿ ਇਸ ਦਾ ਮਨ ਪਾਪ ਕਰ ਕਰ ਕੇ ਬਹੁਤ ਕਠੋਰ ਹੋ ਚੁਕਾ ਹੈ। ਹੁਣ ਇਹ ਇਕ-ਦਮ ਨਹੀਂ ਬਦਲ ਸਕੇਗਾ। ਇਹ ਹੌਲੀ ਹੌਲੀ ਹੀ ਨਰਮ ਹੋਏਗਾ। ਸੋ ਉਨ੍ਹਾਂ ਸਮਝਾਉਂਦਿਆਂ ਕਿਹਾ, "ਭੂਮੀਆ ! ਦੇਖ ! ਰੱਬ ਹੀ ਇਕ ਸੱਚਾ ਹੈ, ਜੋ ਹਮੇਸ਼ਾ ਰਹਿੰਦਾ ਹੈ। ਬਾਕੀ ਦੁਨੀਆ ਦੇ ਸਭ ਲੋਕਾਂ ਨੇ ਮਰ-ਖਪ ਜਾਣਾ ਹੁੰਦਾ ਹੈ। ਪਰ ਯਾਦ ਰਖੀਂ ਜੀਵ ਮਰ ਕੇ ਮੁਕ ਨਹੀਂ ਜਾਂਦਾ, ਸਗੋਂ ਜੀਵ ਨੂੰ ਆਪਣੇ ਚੰਗੇ ਜਾਂ ਮਾੜੇ ਕੀਤੇ ਕੰਮਾਂ ਦੇ ਬਦਲੇ ਵੱਖ-ਵੱਖ ਤਰ੍ਹਾਂ ਦੇ ਜਨਮ ਲੈਣੇ ਪੈਂਦੇ ਹਨ। ਮਨੁਖ ਨੂੰ ਓਦੋਂ ਤਕ ਇਨ੍ਹਾਂ ਵੱਖ-ਵੱਖ ਜੂਨਾਂ ਵਿਚ ਭਟਕਦੇ ਰਹਿਣਾ ਪੈਂਦਾ ਹੈ ਜਦ ਤਕ ਕਿ ਅੰਤ ਵਿਚ ਉਸ ਸੱਚੇ ਪ੍ਰਭੂ ਨਾਲ ਮੇਲ ਨਹੀਂ ਕਰਦਾ। ਅਤੇ ਇਹ ਮੇਲ ਇਸ ਮਨੁਖਾ ਜਨਮ ਵਿਚ ਹੀ ਹੋ ਸਕਦਾ ਹੈ। ਹੋਰ ਕਿਸੇ ਜਨਮ ਵਿਚ ਨਹੀਂ। ਇਹ ਮੇਲ ਤਦੋਂ ਹੀ ਹੋ ਸਕੇਗਾ ਜੇਕਰ ਮਨੁਖ ਤਨੋਂ ਮਨੋਂ ਸੱਚ ਨੂੰ ਧਾਰਨ ਕਰੇ। ਸੋ ਤੂੰ ਚੋਰੀ ਜੇ ਨਹੀਂ ਛਡ ਸਕਦਾ ਤਾਂ ਬੇਸ਼ਕ ਨ ਛਡ, ਪਰ ਜੇ ਤੂੰ ਇਹ ਦੋ ਤਿੰਨ ਗੱਲਾਂ ਕਰਨੀਆਂ ਮੰਨ ਲਵੇਂ ਤਾਂ ਵੀ ਤੇਰਾ ਪ੍ਰਭੂ ਨਾਲ ਮੇਲ ਹੋ ਸਕਦਾ ਹੈ ਅਤੇ ਤੇਰਾ ਜਨਮ ਮਰਨ ਦਾ ਗੇੜ ਮੁਕ ਸਕਦਾ ਹੈ।"


www.AKJ.Org

ਪਹਿਲੀ ਗੱਲ ਮਹਾਰਾਜ ਨੇ ਉਸ ਨੂੰ ਪੱਕੀ ਕਰਾਈ ਕਿ ਉਹ ਹਮੇਸ਼ਾ ਸਚ ਬੋਲੇ। ਦੂਜੀ ਗੱਲ ਉਨ੍ਹਾਂ ਨੇ ਸਮਝਾਈ ਕਿ ਗਰੀਬਾਂ ਅਤੇ ਦੁਖੀਆਂ ਉਤੇ ਤਰਸ ਕਰੇ। ਉਨ੍ਹਾਂ ਦੀ ਸਹਾਇਤਾ ਕਰੇ। ਤੀਜੀ ਗੱਲ ਦਸਦਿਆਂ ਮਹਾਰਾਜ ਨੇ ਕਿਹਾ ਕਿ ਲੂਣ ਖਾ ਕੇ ਬੁਰਾ ਨਹੀਂ ਕਰਨਾ।

ਮਹਾਰਾਜ ਇਸਤਰ੍ਹਾਂ ਦੀਆਂ ਗੱਲਾਂ ਨਾਲ ਭੂਮੀਏ ਦਾ ਇਕ ਬੜਾ ਵਡਾ ਭੁਲੇਖਾ ਦੂਰ ਕਰ ਕੇ ਆਪ ਤਾਂ ਉਥੋਂ ਚਲੇ ਗਏ, ਪਰ ਭੂਮੀਆ ਉਨ੍ਹਾਂ ਦੀਆਂ ਦਰਸਾਈਆਂ ਗੱਲਾਂ ਉਤੇ ਚਲਣ ਦੀ ਕੋਸ਼ਿਸ਼ ਵਿਚ ਜੁਟ ਪਿਆ।

(੨)

ਭੂਮੀਆ ਹੁਣ ਗੁਰੂ ਜੀ ਦੇ ਪੜ੍ਹਾਏ ਹੋਏ ਪਾਠ ਨੂੰ ਪਕਾਉਂਦਾ ਹੈ। ਪਿਛਲੇ ਪਏ ਹੋਏ ਸੁਭਾਉ ਅਨੁਸਾਰ ਉਸ ਦੇ ਪੁਰਾਣੇ ਯਾਰ ਬੇਲੀ ਉਸ ਤੋਂ ਚੋਰੀ-ਡਾਕੇ ਲਈ ਅਗਵਾਈ ਲੈਣ ਆਉਂਦੇ ਹਨ ਅਤੇ ਪਿਛਲੀਆਂ ਵਾਪਰੀਆਂ ਘਟਨਾਵਾਂ ਵੀ ਸੁਣਾਉਂਦੇ ਹਨ। ਭੂਮੀਆ ਇਹੋ ਜਿਹੀਆਂ ਗੱਲਾਂ ਸੁਣ ਸੁਣ ਕੇ ਅਗੇ ਖੁਸ਼ ਹੋਇਆ ਕਰਦਾ ਸੀ, ਪਰ ਹੁਣ ਇਹ ਉਦਾਸ ਹੋ ਜਾਂਦਾ ਹੈ। ਇਹ ਉਦਾਸੀ ਉਸ ਦੀ ਦਿਨੋ ਦਿਨ ਵਧਣ ਲਗ ਪਈ। ਹੁਣ ਵੀ ਕਈ ਵਾਰ ਉਸ ਦਾ ਦਿਲ ਜਦ ਚੋਰੀ ਕਰਨ ਨੂੰ ਕਰਦਾ ਹੈ ਤਾਂ ਉਹ ਸੋਚਦਾ ਹੈ ਕਿ ਜਿਨ੍ਹਾਂ ਨੂੰ ਮੈਂ ਲੁਟਾਂਗਾ, ਮਾਰਾਂਗਾ, ਉਹ ਦੁਖੀ ਹੋ ਕੇ ਰੋਣਗੇ। ਸੋ ਇਹ ਦਇਆ ਤਾਂ ਨਾ ਹੋਈ। ਗੁਰੂ ਜੀ ਨੇ ਕਿਹਾ ਸੀ ਕਿ ਜਿਥੇ ਦਇਆ ਨਹੀਂ ਹੋਵੇਗੀ ਉਥੇ ਧਰਮ ਨਹੀਂ ਹੋਵੇਗਾ। ਇਸਤਰਾਂ ਚੋਰੀ ਕਰਨ ਦਾ ਖ਼ਿਆਲ ਛਡ ਦੇਵਾਂ।

ਇਕ ਵਾਰ ਭੂਮੀਏ ਨੇ ਆਪਣੇ ਰਾਜੇ ਦੇ ਘਰ ਨੂੰ ਲੁਟਣ ਦਾ ਵੀਚਾਰ ਬਣਾਇਆ। ਉਸ ਸੋਚਿਆ ਕਿ ਰਾਜੇ ਦਾ ਧਨ ਕਿਹੜਾ ਆਪਣਾ ਹੈ, ਜਿਸ ਦੇ ਚਲੇ ਜਾਣ ਨਾਲ ਉਸ ਨੂੰ ਦੁਖ ਹੋਵੇਗਾ। ਉਹ ਇਸੇ ਖਿਆਲ ਨਾਲ ਅਗਲੀ ਰਾਤ ਅਮੀਰਾਂ ਵਾਲੇ ਕਪੜੇ ਪਾ ਕੇ, ਸਿਰ ਤੇ ਕਲਗੀ ਲਾ ਕੇ ਰਾਜੇ ਦੀ ਹਵੇਲੀ ਵਲ ਤੁਰ ਪਿਆ। ਜਦ ਨੇੜੇ ਪੁਜਾ ਤਾਂ ਚੌਕੀਦਾਰ ਨੇ ਆਵਾਜ਼ ਦੇ ਕੇ ਪੁਛਿਆ, "ਮਹਾਰਾਜ ! ਆਪ ਕੌਣ ਹੋ ਇਸ ਵੇਲੇ...?" ਚੌਕੀਦਾਰ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਭੂਮੀਏ ਨੇ ਦ੍ਰਿੜ੍ਹਤਾ ਨਾਲ ਕੜਕ ਕੇ ਉੱਤਰ ਦਿਤਾ, "ਚੋਰ ਹਾਂ।"

ਗੁਰੂ ਜੀ ਦੀ ਸੱਚ ਬੋਲਣ ਦੀ ਸਿਖਿਆ ਅਨੁਸਾਰ ਭੂਮੀਏ ਨੇ ਸੱਚਾ ਉਤਰ ਦੇ ਦਿਤਾ। ਜਿਸ਼ ਨੂੰ ਸੁਣ ਕੇ ਦਰਬਾਨ ਘਬਰਾ ਜਿਹਾ ਗਿਆ। ਉਹ ਸੋਚਣ ਲਗਾ ਕਿ ਰਾਜੇ ਦਾ ਕੋਈ ਖਾਸ ਸਨਬੰਧੀ ਹੋਣਾ ਹੈ, ਜੋ ਮੇਰੇ ਪੁਛਣ ਤੇ ਗੁੱਸੇ ਹੋ ਕੇ ਆਪਣੇ ਆਪ ਨੂੰ ਚੋਰ ਕਹਿੰਦਾ ਹੈ। ਦਰਬਾਨ ਰਾਜੇ ਦੇ ਗੁੱਸੇ ਹੋ ਜਾਣ ਦੇ ਡਰ ਕਾਰਨ, ਕਿ ਉਸ ਦੇ ਸਨਬੰਧੀ ਦੀ ਨਿਰਾਦਰੀ ਕੀਤੀ ਹੈ, ਕਿਧਰੇ ਦੰਡ ਹੀ ਨ ਦੇ ਦੇਵੇ, ਹੱਥ ਜੋੜ ਕੇ ਕਹਿਣ ਲਗਾ, "ਮਹਾਰਾਜ ! ਮਾਫ ਕਰਨਾ, ਮੈਂ ਭੁਲ ਗਿਆ ਸੀ, ਤੁਸੀਂ ਲੰਘ ਜਾਵੋ।"

ਭੂਮੀਆ ਰਾਜੇ ਦੀ ਇਸ ਹਵੇਲੀ ਵਿਚ ਅਗੇ ਵੀ ਕਈ ਵਾਰ ਦਿਨ ਨੂੰ ਜਾ ਚੁਕਾ ਸੀ, ਜਿਸ ਕਰਕੇ ਉਥੋਂ ਦਾ ਭੇਤੀ ਸੀ। ਉਸ ਨੇ ਹਵੇਲੀ ਵਿਚੋਂ ਸੋਨਾ, ਚਾਂਦੀ, ਹੀਰੇ, ਜਵਾਹਰਾਤ, ਜੋ ਵੀ ਚੰਗਾ ਮਾਲ ਹਥ ਲੱਗਾ, ਬੰਨ੍ਹ ਲਿਆ। ਜਦ ਬਾਹਰ ਆਉਣ ਲਗਾ ਤਾਂ ਇਕ ਸੁਨਹਿਰੀ ਰਕੇਬੀ ਵਿਚ ਪਿਆ ਹੋਇਆ ਹਾਜ਼ਮੇ ਦਾ ਚੂਰਨ ਉਸ ਮੂੰਹ ਚਿ ਪਾ ਲਿਆ। ਚੂਰਨ ਵਿਚ ਲੂਣ ਹੁੰਦਾ ਹੀ ਹੈ, ਜਿਸ ਨੂੰ ਖਾਣ ਸਾਰ ਉਸ ਨੂੰ ਗੁਰੂ ਸਾਹਿਬ ਦੇ ਬਚਨ 'ਲੂਣ ਖਾ ਕੇ ਬੁਰਾ ਨਾ ਕਰਨਾ' ਚੇਤੇ ਆ ਗਏ। ਬਚਨ ਮੰਨਣ ਦੀ ਭਾਵਨਾ ਭੂਮੀਏ ਅੰਦਰ ਪੱਕ ਚੁਕੀ ਸੀ। ਉਸ ਨੂੰ ਗੁਰੂ ਸਾਹਿਬ ਦੀ ਗੱਲ ਯਾਦ ਸੀ ਕਿ ਜੇ ਬਚਨ ਮੰਨੇਂਗਾ ਤਾਂ ਮਿਹਰ ਹੋਏਗੀ। ਮਿਹਰ ਨਾਲ ਹੀ 'ਸਚ' ਦੀ ਪ੍ਰਾਪਤੀ ਹੋਏਗੀ ਤੇ ਲੋਕ-ਪਰਲੋਕ ਸੰਵਰੇਗਾ। ਇਨ੍ਹਾਂ ਖਿਆਲਾਂ ਅਧੀਨ ਭੂਮੀਆ ਬਧਾ-ਬਧਾਇਆ ਸਾਰਾ ਸਾਮਾਨ ਉਥੇ ਹੀ ਛਡ ਕੇ ਕਿਸੇ ਹੋਰ ਜੁਗਤੀ ਨਾਲ ਉਥੋਂ ਬਾਹਰ ਨਿਕਲ ਗਿਆ।

ਸਵੇਰੇ ਜਦ ਰਾਜੇ ਨੇ ਸਾਰਾ ਕੀਮਤੀ ਸਾਮਾਨ ਬਧਾ ਹੋਇਆ ਵੇਖਿਆ ਤਾਂ ਉਹ ਬੜਾ ਹੈਰਾਨ ਹੋਇਆ ਕਿ ਚੋਰ ਆਇਆ ਵੀ ਤੇ ਸਭ ਕੁਝ ਛਡ ਛਡਾ ਕੇ ਚਲਾ ਕਿਉਂ ਗਿਆ ? ਪੁਛ ਪ੍ਰਤੀਤ ਕਰਦਿਆਂ ਪਹਿਰੇਦਾਰ


www.AKJ.Org

ਤੋਂ ਸੁਣੀ ਵਾਰਤਾ ਨੇ ਤਾਂ ਸਭ ਨੂੰ ਹੈਰਾਨ ਕਰ ਦਿਤਾ। ਕੋਤਵਾਲ ਤੇ ਸਿਪਾਹੀਆਂ ਵਿਚ ਤਰਸ ਨਹੀਂ ਹੁੰਦਾ। ਉਨ੍ਹਾਂ ਨੇ ਸ਼ਕ ਵਿਚ ਕਈਆਂ ਦੀ ਪਕੜ-ਪਕੜਾਈ ਸ਼ੁਰੂ ਕਰ ਦਿਤੀ ਅਤੇ ਮਾਰ-ਕੁਟਾਈ ਤਕ ਨੌਬਤ ਪੁਜ ਗਈ।

ਬਹੁਤ ਸਾਰੇ ਬੇਗੁਨਾਹਾਂ ਦੀ ਮਾਰ-ਕੁਟਾਈ ਦਾ ਜਦ ਭੂਮੀਏ ਨੂੰ ਪਤਾ ਲਗਾ ਤਾਂ ਉਹ ਮਹਿਸੂਸ ਕਰਨ ਲਗਾ ਕਿ ਗ਼ਰੀਬ-ਮਾਰ ਦਾ ਕਾਰਨ ਮੈਂ ਹਾਂ। ਮੇਰੇ ਬਦਲੇ ਹੀ ਗਰੀਬ-ਮਾਰ ਹੋ ਰਹੀ ਹੈ। ਉਹ ਆਪਣੇ ਮਨ ਨਾਲ ਫ਼ੈਸਲਾ ਕਰਦਾ ਹੈ ਕਿ ਚਲ ਮਨਾ! ਹੁਣ ਮੌਤ ਜਾਂ ਕੈਦ ਜੋ ਵੀ ਸਜ਼ਾ ਮਿਲਦੀ ਹੈ, ਸਹਿਣ ਕਰ ਅਤੇ ਗਰੀਬਾਂ ਨੂੰ ਛੁਡਾ ਕੇ ਗੁਰੂ ਦੇ ਬਚਨਾਂ ਦੀ ਪਾਲਣਾ ਕਰ, ਤਾਂ ਜੁ ਗੁਰੂ ਦੀ ਮਿਹਰ ਬਣੀ ਰਵੇ। ਉਸ ਨੇ ਆਪਣੇ ਦਿਲ ਵਿਚ ਇਹ ਵੀ ਸੋਚਿਆ ਕਿ ਕੀਤੇ ਹੋਏ ਕਰਮਾਂ ਦਾ ਫਲ ਅਗੇ ਭੋਗਣ ਨਾਲੋਂ ਇਥੇ ਹੀ ਭੋਗ ਲੈਣਾ ਠੀਕ ਹੈ। ਇਨ੍ਹਾਂ ਖ਼ਿਆਲਾਂ ਅਧੀਨ ਉਹ ਰਾਜ ਦਰਬਾਰ ਵਿਚ ਜਾ ਹਾਜ਼ਰ ਹੋਇਆ। ਭੂਮੀਏ ਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ, "ਹੇ ਰਾਜਨ! ਤੇਰਾ ਚੋਰ ਮੈਂ ਹਾਂ। ਮੈਨੂੰ ਜੋ ਮਰਜ਼ੀ ਹੈ ਦੰਡ ਦਿਓ, ਪਰ ਇਨ੍ਹਾਂ ਬੇਦੋਸ਼ਾਂ ਨੂੰ ਛਡ ਦਿਓ।" ਇਹ ਕਹਿ ਕੇ ਉਸ ਨੇ ਰਾਤ ਦੀ ਸਾਰੀ ਵਾਰਤਾ ਕਹਿ ਸੁਣਾਈ।

ਰਾਜਾ ਤੇ ਉਸ ਦੇ ਅਹਿਲਕਾਰ ਇਹ ਵਾਰਤਾ ਸੁਣ ਕੇ ਹੈਰਾਨ ਹੋਏ, ਇਕ ਦੂਜੇ ਦੇ ਮੂੰਹ ਵਲ ਵੇਖਣ ਲਗੇ। ਕਿਉਂਕਿ ਉਹ ਸਾਰੇ ਉਸ ਨੂੰ ਪਹਿਲਾਂ ਤੋਂ ਜਾਣਦੇ ਸਨ ਕਿ ਉਹ ਤਾਂ ਬੜਾ ਧਰਮੀ ਹੈ, ਜੋ ਲੰਗਰ ਚਲਾਉਂਦਾ ਹੈ। ਉਸ ਦੇ ਚੋਰੀ ਕਰਨ ਦੀ ਸਾਰੀ ਵਿਥਿਆ ਨੇ ਸਭ ਨੂੰ ਹੈਰਾਨ ਕਰ ਦਿਤਾ। ਦੂਜੀ ਹੈਰਾਨੀ ਦੀ ਗੱਲ ਸਾਰਿਆਂ ਨੂੰ ਇਹ ਲਗੀ ਕਿ ਇਹ ਕਿਸ ਤਰ੍ਹਾਂ ਦਾ ਚੋਰ ਹੈ? ਜੋ ਰਾਜੇ ਦਾ ਸਾਰਾ ਕੀਮਤੀ ਸਾਮਾਨ ਕਾਬੂ ਕਰ ਕੇ ਵੀ ਛਡ ਗਿਆ ਅਤੇ ਹੁਣ ਦੂਜਿਆਂ ਨਿਰਦੋਸ਼ਾਂ ਨੂੰ ਛੁਡਾਉਣ ਲਈ ਕੈਦੀ ਬਣ ਕੇ ਕਸ਼ਟ ਸਹਾਰਨ ਨੂੰ ਆਪ ਆ ਗਿਆ ਹੈ।

ਰਾਜਾ ਹੈਰਾਨ ਹੋ ਰਿਹਾ ਸੀ ਕਿ ਕੀ ਇਹ ਧਰਮੀ ਹੈ ਜਾਂ ਕੁਧਰਮੀ? ਜਦ ਰਾਜੇ ਅਤੇ ਉਸ ਦੇ ਕਰਮਚਾਰੀਆਂ ਨੂੰ ਭੂਮੀਏ ਦੀ ਗੁਰੂ ਨਾਨਕ ਸਾਹਿਬ ਜੀ ਨਾਲ ਹੋਈ ਮਿਲਣੀ ਦਾ ਪਤਾ ਲਗਾ ਤਾਂ ਉਹ ਹੋਰ ਪ੍ਰਭਾਵਤ ਹੋਏ। ਉਹ ਹੈਰਾਨ ਹੋਏ ਕਿ ਭੂਮੀਏ ਦੇ ਨਿਕੇ ਜਿਹੇ ਸੱਚ ਬੋਲਣ ਉਤੇ ਗੁਰੂ ਜੀ ਕਿਵੇਂ ਰੀਝ ਪਏ ਅਤੇ ਪ੍ਰਸੰਨ ਹੋ ਕੇ ਇਸ ਨੂੰ ਅਸਲ 'ਸਚ' (ਪ੍ਰਭੂ) ਦੀ ਸੋਝੀ ਕਰਾ ਗਏ। ਹੁਣ ਰਾਜਾ, ਵਜ਼ੀਰ ਤੇ ਹੋਰ ਕਰਮਚਾਰੀਆਂ ਦੇ ਦਿਲਾਂ ਅੰਦਰ ਵੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਚਾਅ ਪੈਦਾ ਹੋ ਗਿਆ। ਉਹ ਸੋਚਣ ਲਗੇ ਕਿ ਉਹ ਗੁਰੂ ਕਿਤਨੇ ਮਹਾਨ ਹਨ, ਜਿਨ੍ਹਾਂ ਨੇ ਇਸ ਮਹਾਨ ਪਖੰਡੀ ਅਤੇ ਝੂਠੇ-ਧਰਮੀ ਨੂੰ, ਜੋ ਅਸਲ ਵਿਚ ਡਾਕੂ ਹੈ, ਬਦਲ ਕੇ ਸਾਧ-ਬਿਰਤੀ ਵਾਲਾ ਬਣਾ ਦਿਤਾ ਹੈ।

ਰਾਜੇ ਨੇ ਭੂਮੀਏ ਨੂੰ ਕਿਹਾ, "ਤੂੰ ਆਪਣਾ ਦੋਸ਼ ਆਪ ਮੰਨ ਲਿਆ ਹੈ, ਹੁਣ ਤੈਨੂੰ ਕੈਦ ਕਰਨ ਨਾਲ ਹੋ ਸਕਦਾ ਹੈ ਕਿ ਤੂੰ ਅਪਰਾਧੀ ਕੈਦੀਆਂ ਦੀ ਸੰਗਤ ਵਿਚ ਪੈ ਕੇ ਮੁੜ ਅਪਰਾਧੀ ਬਣ ਜਾਏਂ। ਇਸ ਲਈ ਮੈਂ ਤੈਨੂੰ ਛਡਦਾ ਹਾਂ। ਮੈਨੂੰ ਵਿਸ਼ਵਾਸ ਹੈ ਕਿ ਮੇਰੇ ਨਾਲੋਂ ਵਡਾ ਨਿਆਂਕਾਰ ਗੁਰੂ ਤੈਨੂੰ ਸੱਚ ਬੋਲਣ, ਲੂਣ ਖਾ ਕੇ ਬੁਰਾ ਨ ਕਰਨ ਅਤੇ ਦਇਆ ਕਰਨ ਦਾ ਐਸਾ ਦੰਡ ਦੇ ਗਿਆ ਹੈ ਜਿਸ ਨਾਲ ਤੇਰਾ ਸੁਧਾਰ ਹੋ ਗਿਆ ਹੈ।"

ਰਾਜੇ ਨੇ ਹੋਰ ਕਿਹਾ, "ਧੰਨ ਹਨ ਗੁਰੂ ਨਾਨਕ ਦੇਵ, ਜਿਨ੍ਹਾਂ ਦੇ ਪਵਿਤਰ ਉਪਦੇਸ਼ਾਂ ਨਾਲ ਕੇਵਲ ਤੇਰਾ ਹੀ ਸੁਧਾਰ ਤੇ ਉਧਾਰ ਨਹੀਂ ਹੋਇਆ, ਸਗੋਂ ਸਾਡੇ ਵਰਗੇ ਹੋਰ ਅਨੇਕਾਂ ਨੂੰ ਸਮਝ ਆ ਗਈ ਹੈ ਕਿ ਮਿਹਨਤ ਨਾਲ ਕੀਤੀ ਹੋਈ ਨੇਕ ਕਮਾਈ ਕਰਨੀ ਜਿਥੇ ਬਹੁਤ ਜ਼ਰੂਰੀ ਹੈ, ਉਥੇ ਨੇਕ ਕਮਾਈ ਵਿਚੋਂ ਕੀਤਾ ਹੋਇਆ ਪੁੰਨ-ਦਾਨ ਹੀ ਲੇਖੇ ਲਗਦਾ ਹੈ। ਇਸ ਦੇ ਨਾਲ ਨਾਲ ਹਮੇਸ਼ਾ ਸੱਚ ਬੋਲਣਾ, ਦਇਆ ਕਰਨੀ ਅਤੇ ਲੂਣ ਖਾ ਕੇ ਬੁਰਾ ਨਾ ਕਰਨ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੋ ਸਕੇਗੀ।"

ਭੂਮੀਆ ਗੁਰੂ ਜੀ ਦੇ ਬਚਨਾਂ ਉਤੇ ਚਲਦਾ ਰਿਹਾ, ਜਿਸ ਨਾਲ ਉਸ ਦੀ ਬੋਲ-ਬਾਣੀ, ਰਹਿਣ-ਸਹਿਣ ਦਾ ਢੰਗ ਅਤੇ ਵਤੀਰਾ ਹੀ ਬਦਲ ਗਿਆ। ਉਸ ਦੇ ਬਦਲੇ ਹੋਏ ਵਤੀਰੇ ਤੋਂ ਪ੍ਰਭਾਵਤ ਹੋ ਕੇ ਬਹੁਤ ਸਾਰੇ*


www.AKJ.Org

# ਨਾਮ-ਦਾਰੂ

(ਹਕੀਮ ਹਰਿਭਜਨ ਸਿੰਘ 'ਸ਼ਰਨ' ਮਾਲੂਵਾਲੀਆ)

ਹਰਿ ਹਰਿ ਅਉਖਧੁ ਜੋ ਜਨੁ ਖਾਇ ॥ ਤਾ ਕਾ ਰੋਗੁ ਸਗਲ ਮਿਟਿ ਜਾਇ ॥੩॥

[ਰਾਮਕਲੀ ਮ: ੫, ਪੰਨਾ ੮੯੩

ਗੁਰ-ਸ਼ਬਦ ਨਾਮ ਅੰਮ੍ਰਿਤ-ਮਈ ਸ਼੍ਰੋਮਣੀ ਸਫਲ ਨੁਸਖਾ ਹੈ। ਇਸ ਵਿਚ ਜੀਵਨ ਰੂਪੀ ਲੋਹੇ ਨੂੰ ਸੋਨਾ ਕਰਨ, ਕਲਾ-ਕ੍ਰਿਸ਼ਮਾ ਵਿਖਾਉਣ ਵਾਲੀਆਂ ਪਾਰਸਾਈ ਜੜੀਆਂ ਬੂਟੀਆਂ ਹਨ। 'ਸਤਿਗੁਰ ਪੂਰੇ ਵੈਦ' ਨੇ ਧੁਰ ਧਾਮ ਵਾਲੀ ਸਵਰਗੀ ਦਰਗਾਹ 'ਚੋਂ ਅਗੰਮੀ ਬੂਟੀਆਂ ਦਾ ਪੰਚਾਗ ਸੁੱਚੀ ਸੱਚੀ ਰਸਨਾ ਤੇ ਪਵਿਤਰ ਕਰ-ਕਮਲਾਂ ਨਾਲ ਲਿਆਂਦਾ।

ਇਸ ਇਕ 'ਓਅੰਕਾਰ' ਦੇ ਜਲਵੇ ਵਾਲੀਆਂ ਬੂਟੀਆਂ ਨੂੰ 'ਸਤਿਨਾਮੁ' ਵਾਲੇ ਖਰਲ ਵਿਚ ਪਾ 'ਨਿਰਭਉ' 'ਨਿਰਵੈਰੁ' ਦੇ ਰਸ ਦੀ ਭਾਵਨਾ ਦਿਤੀ। ਜਤ ਸਤ ਦੇ ਡੰਡੇ ਨਾਲ ਰਗੜਿਆ। ਉਸ 'ਕਰਤਾ ਪੁਰਖ' 'ਅਜੂਨੀ ਸੈਭੰ' ਦੇ ਗੁਰਮਤੀ ਹੁਕਮ ਦੀ ਅਪਾਰ ਬਖਸ਼ਿਸ਼ ਨਾਲ ਅੰਮ੍ਰਿਤ-ਮਈ ਗੁਰਸ਼ਬਦ ਨਾਮ ਦਾ ਸ਼੍ਰੋਮਣੀ ਨੁਸਖਾ ਤਿਆਰ ਕੀਤਾ, ਜਿਸ ਦੀ ਤਾਸੀਰ ਮੋਹਿਤਦਿਲ ਹੈ।

'ਸੰਜਮੁ ਸਚਾ ਨੇਹੁ' ਦੀ ਜੀਵਨ-ਜੁਗਤੀ ਨਾਲ 'ਅਲਪ ਅਹਾਰ' 'ਸੁਲਪ ਸੀ ਨਿੰਦਰਾ', 'ਸੋਇ ਅਚਿੰਤਾ ਜਾਗਿ ਅਚਿੰਤਾ' ਦੇ ਅਸੂਲ ਨੂੰ ਮੰਨਦਿਆਂ, 'ਛੋਡਹੁ ਮਨ ਕੇ ਭਰਮਾ' ਤੇ 'ਦਿਲ ਦੀ ਲਾਹਿ ਭਰਾਂਤਿ' ਵਾਲੀ ਦ੍ਰਿੜ੍ਹ ਵਿਸ਼ਵਾਸੀ, ਸਰਬੱਤ ਦੇ ਭਲੇ ਵਾਲੀ ਬ੍ਰਿਤੀ ਨਾਲ, ਸਬਰ ਸ਼ੁਕਰ ਕਰਕੇ ਇਸ 'ਨਾਮ ਅਉਖਧ' ਨੂੰ ਨਿਤਾਪ੍ਰਤੀ ਨਿਰਮਲ ਅੰਮ੍ਰਿਤ ਜਲ ਨਾਲ ਛਕਣ ਦੀ ਪ੍ਰੇਰਨਾ ਦਿਤੀ।

ਜੋ ਇਸਤ੍ਰੀ ਮਰਦ ਮਰੀਜ਼ ਗੁਰਸੰਜਮੀ ਨੇਮਾਂ ਦੀ ਪਾਲਣਾ ਕਰਦਾ ਹੈ, 'ਭੱਖ ਅਭੱਖ' ਤੋਂ ਪ੍ਰਹੇਜ਼-ਕਰਦਾ ਹੈ, ਉਸ ਲਈ ਇਹ ਨਾਮ ਔਸ਼ਧੀ ਸਰਲ ਸਫਲ ਅਕਸੀਰ ਤੇ ਅਚੂਕ ਬਾਣ ਸਿਧ ਹੋਈ ਹੈ। ਇਸ ਨਾਲ ਪੰਜੇ ਰੋਗ ਅਸਾਧ ਨਿਵਾਰਨ ਤੇ 'ਬਾਂਹ ਪਕੜਿ ਰੋਗਹੁ' ਕਢਣ ਵਾਲੀ ਕਲਾ ਦਾ ਪਸਾਰਾ ਪਸਰ ਜਾਂਦਾ ਹੈ। 'ਕਲ ਤਾਤੀ' ਵਿਚਲੇ 'ਰੋਗੀ ਸਗਲ ਸੰਸਾਰੁ' ਲਈ 'ਬੈਦੁ ਗੁਰੂ ਗੋਵਿੰਦਾ' ਨੇ ਦਸ ਜੋਤਿ ਸਰੂਪੀ ਜੀਵਨ ਤਜਰਬੇ ਨਾਲ "ਠਾਂਢਾ ਹਰਿ ਨਾਉ" ਵਾਲਾ ਕਾਮਯਾਬ ਵਿਲੱਖਣ ਨੁਸਖਾ ਤਿਆਰ ਕੀਤਾ ਹੈ। ਇਹ ਨਾਮ ਦਾਰੂ ਦਾ ਨੁਸਖਾ 'ਕਾਢਿ ਕੁਠਾਰੁ ਪਿਤ ਬਾਤ ਹੰਤਾ' ਤੇ 'ਤੀਨੇ ਤਾਪ ਨਿਵਾਰਣਹਾਰਾ' ਹੈ। ਨਿਤਨੇਮ ਬਣਾ ਇਸ ਨੁਸਖੇ ਨੂੰ ਅੰਮ੍ਰਿਤ ਵੇਲੇ ਛਕਣ-ਜਪਣ ਨਾਲ ਸੋਗੀ ਨੂੰ ਖੁਸ਼ੀ ਖੇੜਾ, ਰੋਗੀ ਨੂੰ ਅਰੋਗਤਾ, ਕਮਜ਼ੋਰ ਨੂੰ ਤਾਕਤ, ਕਰੂਪ ਨੂੰ ਸਰੂਪ, ਬੇ-ਅਕਲੇ ਨੂੰ ਅਕਲ, ਅੰਨ੍ਹਿਆਂ ਨੂੰ ਜੋਤੀ, ਗੁੰਗਿਆਂ ਨੂੰ ਗੀਤ, ਬੋਲਿਆਂ ਨੂੰ ਸੁਨਣ ਦੀ ਸਮਰੱਥਾ, ਬੇ-ਉਲਾਦੇ ਨੂੰ ਉਲਾਦ, ਨਿਪੁੱਤੇ ਨੂੰ ਪੁੱਤ ਦਾਤ ਅਤੇ ਦੁਖੀ ਨੂੰ ਹਰ ਪ੍ਰਕਾਰ ਦਾ ਸੁਖ ਮਿਲਦਾ ਹੈ।

(ਛਪ ਰਹੀ ਪੁਸਤਕ 'ਨਾਮ-ਦਾਰੂ' ਵਿਚੋਂ)

---

*ਲੋਕ ਉਸ ਦੀ ਸੰਗਤ ਕਰਨ ਲਗ ਪਏ। ਉਸ ਦੇ ਕਈ ਪੁਰਾਣੇ ਚੋਰ-ਸਾਥੀ ਵੀ ਚੋਰੀ ਛਡ ਕੇ ਸੰਗਤ ਵਿਚ ਆ ਰਲੇ। ਭੂਮੀਏ ਨੇ ਦੂਰ ਨੇੜਿਉਂ ਗੁਰੂ ਸਾਹਿਬ ਦੇ ਉਚਾਰੇ ਹੋਏ ਸ਼ਬਦ ਇਕੱਠੇ ਕਰ ਲਏ ਸਨ, ਜਿਨ੍ਹਾਂ ਨੂੰ ਉਹ ਸਾਰੀ ਸੰਗਤ ਵਿਚ ਸਵੇਰੇ ਸ਼ਾਮ ਪਿਆਰ ਨਾਲ ਪੜ੍ਹਦੇ ਸੁਣਦੇ, ਗੁਰੂ ਸਾਹਿਬ ਦੀਆਂ ਗਲਾਂ ਕਰਦੇ—ਦੁਹਰਾਉਂਦੇ। ਉਹ ਸਾਰੇ ਸਚ ਬੋਲਣ ਲਗ ਪਏ, ਮਿਹਨਤ ਕਰ ਕੇ ਨੇਕ ਕਿਰਤ ਕਰਨ ਲਗ ਪਏ ਅਤੇ ਸੇਵਾ-ਭਾਵ ਵਿਚ ਆ ਕੇ ਨੇਕ ਕਮਾਈ 'ਚੋਂ ਲੰਗਰ ਚਲਾਉਣ ਲਗ ਪਏ ਅਤੇ ਬਾਅਦ ਚਿ ਉਥੇ ਧਰਮਸਾਲ (ਗੁਰਦੁਆਰਾ) ਵੀ ਬਣ ਗਈ।

ਮਗਰੋਂ ਰਾਜੇ ਨੇ ਭੂਮੀਏ ਨੂੰ ਆਪਣਾ ਸਲਾਹਕਾਰ ਨਿਯੁਕਤ ਕਰ ਲਿਆ। ਇਸ ਤਰ੍ਹਾਂ ਭੂਮੀਆ ਸੰਤ-ਬਿਰਤੀ ਵਾਲਾ ਵਜ਼ੀਰੀ ਦੇ ਕੰਮਾਂ ਵਿਚ ਵੀ ਹਿੱਸਾ ਲੈ ਕੇ ਲੋਕ-ਸੇਵਾ ਰਾਹੀਂ ਆਪਣਾ ਜਨਮ ਸਫਲ ਕਰਨ ਲਗਾ।



www.AKJ.Org

# ਭਰਮ ਭੁਲੇਖੇ

[ਵਲੋਂ—ਸ: ਮਦਨ ਸਿੰਘ ਜੀ, ੧੧-ਅਪਾਲੋ-ਵੇ, ਬੈਰੀਬਾਰ, ਬਰਮਿੰਘਮ-੨੦, ਯੂ. ਕੇ.]

"ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥੫॥੭॥ (੬੬੨)

ਭਾਰਤ ਦੀ ਅਧਿਆਤਮਿਕ ਅਧੋਗਤੀ ਦਾ ਇਹ ਸਹੀ ਸੰਕੇਤ ਗੁਰੂ ਨਾਨਕ ਦੇਵ ਜੀ ਨੇ ਬਾਣੀ, ਧੁਰ ਕੀ ਬਾਣੀ ਵਿਚ ਦ੍ਰਿਸ਼ਟਾਇਆ ਹੈ। ਗੁਰੂ ਨਾਨਕ ਦੇ ਆਗਮਨ ਸਮੇਂ ਬ੍ਰਾਹਮਣ ਦੁਖੀ ਲੋਕਾਂ ਨੂੰ ਭਰਮ-ਭੁਲੇਖੇ ਤੇ ਫੋਕੇ ਕਰਮ-ਕਾਂਡਾਂ ਦੇ ਜਾਲ ਵਿਚ ਫਸਾ ਕੇ ਲੁਟੀ ਜਾ ਰਿਹਾ ਸੀ। ਦੂਸਰੇ ਪਾਸੇ ਮੁਸਲਮਾਨੀ ਸ਼ਰੀਅਤ ਦੇ ਢੌਂਗੀ ਕਰੜੀਆਂ ਜ਼ੰਜੀਰਾਂ ਵਿਚ ਮਨੁਖਤਾ ਨੂੰ ਜਕੜ ਰਹੇ ਸਨ। ਜੋਗੀ ਆਪਣੀਆਂ ਜੁਗਤੀਆਂ ਨਾਲ ਜੀਵਾਂ ਨੂੰ ਭਰਮਾ ਰਹੇ ਸਨ।

ਧਰਮ ਦਾ ਮੁਖ ਪ੍ਰਯੋਜਨ, ਪੁਰਸ਼ ਨੂੰ ਸਦਾਚਾਰੀ ਤੇ ਦੈਵੀ ਗੁਣਾਂ ਦਾ ਧਾਰਨੀ ਬਣਾਣਾ ਹੁੰਦਾ ਹੈ, ਜਿਸ ਤੋਂ ਜਨਤਾ ਬਿਲਕੁਲ ਕੋਰੀ ਸੀ। ਸ੍ਰੀ ਗੁਰੂ ਨਾਨਕ ਜੀ ਨੇ "ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ ॥" (੬੨) ਦਾ ਹੋਕਾ ਦੇ ਕੇ ਇਕ ਨਵਾਂ ਸਿਧਾਂਤ ਦੁਨੀਆ ਸਾਹਮਣੇ ਰਖਿਆ।

"ਸਿੰਘ ਬੁਕੇ ਮਿਰਗਾਂਵਲੀ ਭੰਨੀ ਜਾਇ, ਨ ਧੀਰ ਧਰੋਆ ॥...
ਗੁਰਮੁਖਿ ਕਲਿ ਵਿਚਿ ਪਰਗਟ ਹੋਆ ॥੨੭॥੧॥" ਵਾਰਾਂ ਭਾਈ ਗੁਰਦਾਸ ਜੀ

ਪੰਡਤਾਂ ਤੇ ਮੁਲਾਣਿਆਂ ਦੇ ਡੇਰਿਆਂ ਵਿਚ ਹਲਚਲੀ ਤੇ ਪ੍ਰੇਸ਼ਾਨੀ ਫੈਲ ਗਈ! ਆਪਣੀ ਕੂੜ ਕਿਰਿਆ ਤੇ ਪਰਦਾ ਪਾਉਣ ਲਈ, ਗੁਰੂ ਨਾਨਕ ਪਾਤਸ਼ਾਹ ਨੂੰ ਭੂਤਨਾ ਤੇ ਕੁਰਾਹੀਆ ਆਖਿਆ। ਪੰਜਵੇਂ ਪਾਤਸ਼ਾਹ ਨੂੰ ਤੱਤੀ ਤਵੀ ਤੇ ਬਿਠਾ ਕੇ ਤੱਤੇ ਰੇਤ ਦੇ ਕੜਛੇ ਸੀਸ ਤੇ ਪਾਏ। ਦੇਗ ਵਿਚ ਉਬਾਲਿਆ। ਗੁਰੂ ਤੇਗ ਬਹਾਦਰ ਸਾਹਿਬ (ਗੁਰੂ ਨਾਨਕ ਨੌਵੇਂ ਜਾਮੇ) ਨੂੰ ਇਸ ਸੱਚ ਦਾ ਝੰਡਾ ਉਚਾ ਰਖਣ ਲਈ ਬਲੀਦਾਨ ਦੇਣਾ ਪਿਆ। ਦਸਵੇਂ ਜਾਮੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਪਰਵਾਰ ਤੇ ਆਪਣਾ ਆਪ ਅਤੇ ਅਨੇਕਾਂ ਬਹਾਦਰ ਸਿੰਘ ਸੂਰਮੇ ਕੁਰਬਾਨ ਕੀਤੇ। ਸਿਖੀ ਦੇ ਬੂਟੇ ਨੂੰ ਖੂਨ ਨਾਲ ਸਿੰਜਿਆ। ਸਿਖਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ਕੇ ਅਮਰ ਕਰ ਦਿੱਤਾ। ਸਿਖਾਂ ਨੂੰ ਸ਼ਖ਼ਸੀ ਪੂਜਾ ਦੀ ਬਜਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਪਾਸ ਇਕ ਅਮੁਲਾ ਖ਼ਜ਼ਾਨਾ ਹਨ। ਗੁਰਬਾਣੀ ਦਾ ਗਿਆਨ ਸਦੀਵੀ ਹੈ। ਗੁਰਬਾਣੀ, ਗੁਰੂ ਦੇ ਹੁਕਮਾਂ ਅਥਵਾ ਗੁਰੂ ਦੇ ਉਪਦੇਸ਼ਾਂ ਨੂੰ ਅਮਲੀ ਤੌਰ ਤੇ ਤਨੋਂ ਮਨੋਂ ਕਮਾਉਣ ਨਾਲ ਵਾਹਿਗੁਰੂ ਦਾ ਪ੍ਰਕਾਸ਼ ਹੋ ਸਕਦਾ ਹੈ ਤੇ ਇਸ ਦੇ ਆਸਰੇ ਸਾਡਾ ਮਾਰਗ ਰੌਸ਼ਨ ਰਹਿ ਸਕਦਾ ਹੈ। ਸਿਖ ਧਰਮ ਪ੍ਰਭੂ-ਵਿਸ਼ਵਾਸੀ ਹੈ, ਅੰਧ-ਵਿਸ਼ਵਾਸੀ ਨਹੀਂ। ਇਹ ਨਿਰਮਲ ਵਿਚਾਰ ਤੇ ਨਾਮ ਦੀ ਕਮਾਈ ਤੋਂ ਉਪਜੇ ਗਿਆਨ ਵਿਚ ਦ੍ਰਿੜ੍ਹ ਵਿਸ਼ਵਾਸ ਰਖਦਾ ਹੈ। ਇਹ ਕਰਮ-ਕਾਂਡੀਆਂ ਦਾ ਧਰਮ ਨਹੀਂ, ਇਥੇ ਕਰਣੀ ਪ੍ਰਧਾਨ ਹੈ। "ਯਥਾ—

ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥੨॥

ਧਨਾਸਰੀ ਮ: ੧ ਘਰੁ ੨, ਪੰਨਾ ੬੮੫

ਗੁਰੂ ਦਾ ਸਿਖ ਨਿਰਮਲ ਵਿਚਾਰਾਂ ਰਾਹੀਂ ਆਪਣੇ ਆਚਰਨ ਨੂੰ ਢਾਲਦਾ ਹੈ। ਗਿਆਨ ਵਿਹੂਣਾ ਮਨੁਖ ਅੰਨ੍ਹਾ ਹੈ।

ਪਰ ਅਫ਼ਸੋਸ! ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹੇ ਅਮੋਲ ਅਧਿਆਤਮਿਕ, ਪੂਰਨ ਬੁਨਿਆਦੀ ਸੱਚ ਦੇ ਖ਼ਜ਼ਾਨੇ ਦੇ ਹੁੰਦਿਆਂ ਵੀ, ਸਿਖੀ, ਬ੍ਰਾਹਮਣਵਾਦ ਦੇ ਸ਼ਿਕੰਜੇ ਵਿਚ ਲਗਪਗ ਹਰ ਪਹਿਲੂ ਤੋਂ ਜਕੜੀ ਹੋਈ ਹੈ।


www.AKJ.Org

ਜਿਸਦਾ ਕਾਰਨ ਹੈ, ਇਤਿਹਾਸ ਲਿਖਣ ਵਾਲੇ ਯਾ ਤਾਂ ਕਟੜ ਹਿੰਦੂ ਸਨ, ਯਾ ਮੁਸਲਮਾਨ। ਇਨ੍ਹਾਂ ਗੁਰੂ ਘਰ ਦੇ ਦੋਖੀਆਂ ਨੇ ਗੁਰਮਤਿ ਫ਼ਿਲਾਸਫ਼ੀ ਬਾਰੇ ਬਹੁਤ ਭੁਲੇਖਾ-ਪਾਊ ਸਾਹਿਤ ਰਚਿਆ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਨੌਂ ਉਤਰ-ਅਧਿਕਾਰੀਆਂ ਨੇ ਬੇਅੰਤ ਪ੍ਰਾਣੀਆਂ ਨੂੰ ਸੱਚੇ ਅਧਿਆਤਮਵਾਦ ਦੀ ਪ੍ਰਚੰਡ ਰੌਸ਼ਨੀ ਵਿਚ ਗੁਰਮਤਿ ਗਾਡੀ ਰਾਹ ਉਤੇ ਚਲਣ ਦੀ ਪ੍ਰੇਰਨਾ ਦਿੱਤੀ, ਪਰ ਇਹ ਬ੍ਰਾਹਮਣਵਾਦ ਫ਼ੌਨਿਕਸ ਪੰਛੀ ਵਾਂਗ ਹੈ, ਜੋ ਆਪਣੇ ਸਰੀਰ ਦੀ ਅਹੂਤੀ ਅਗਨੀ ਵਿਚ ਦੇ ਕੇ ਮੁੜ ਯੁਵਕ ਹੋ ਨਿਬੜਦਾ ਹੈ। ਮਿਸਲਾਂ ਤੇ ਸਿਖ ਰਾਜ ਉਪਰੰਤ ਤਾਂ ਇਹ ਘੁਣ ਵਾਂਗ ਸਿਖੀ ਦੇ ਬ੍ਰਿਛ ਦੀਆਂ ਜੜ੍ਹਾਂ ਉਤੇ ਭਾਰੂ ਹੋ ਗਿਆ। ਕੁਟਿਲ ਬੁਧੀਜੀਵੀਆਂ ਨੇ ਕਈ ਤਰ੍ਹਾਂ ਦੇ 'ਪ੍ਰਕਰਣ' ਇਕੱਤਰ ਕਰਕੇ ਆਪਣੀ ਭਾਵਨਾ ਅਨੁਸਾਰ ਉਨ੍ਹਾਂ ਨੂੰ ਲਿਖ ਲਿਆ। ਇਹ ਮਸ਼ਹੂਰ ਸਿਖਾਂ ਦੇ ਨਾਮ ਥਲੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਲਿਖਵਾਏ ਹੋਣੇ ਦਸ ਕੇ, ਰਹਿਤਨਾਮਿਆਂ ਦੇ ਰੂਪ ਵਿਚ ਜਾਰੀ ਕਰ ਦਿੱਤੇ*।

ਰਹਿਤਨਾਮਿਆਂ ਦੇ ਦੌਰ ਤੋਂ ਪਹਿਲਾਂ, ਅਰਥਾਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵੀ ਗੁਰਬਾਣੀ ਵਿਚ ਕੱਚੀ ਬਾਣੀ ਮਿਲਾਉਣ ਦਾ ਸੰਕਟ ਆਇਆ ਸੀ, ਪਰ ਗੁਰੂ ਸਾਹਿਬ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਕੇ ਇਸ ਸੰਕਟ ਦਾ ਸਮਾਧਾਨ ਕਰ ਦਿੱਤਾ। ਪਰ ਇਨ੍ਹਾਂ ਰਹਿਤਨਾਮਿਆਂ ਰਾਹੀਂ ਗੁਰਮਤਿ ਫ਼ਿਲਾਸਫ਼ੀ ਬਾਰੇ ਕਈ ਭਰਮ-ਭੁਲੇਖੇ ਪਾਏ ਗਏ ਹਨ। ਬਹੁਤ ਸਾਰੀਆਂ ਸਵੈ-ਵਿਰੋਧੀ ਗੱਲਾਂ ਇਨ੍ਹਾਂ ਰਹਿਤ-ਨਾਮਿਆਂ ਵਿਚ ਮਿਲਦੀਆਂ ਹਨ, ਜਿਹੜੀਆਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਬਿਲਕੁਲ ਉਲਟ ਹਨ। ਉਦਾਹਰਣ ਵਜੋਂ—ਰਹਿਤਨਾਮਾ ਭਾਈ ਨੰਦ ਲਾਲ ਜੀ ਵਿਚ ਇਕ ਥਾਂ ਲਿਖਿਆ ਹੈ, "ਅਤੇ ਜੇ ਸਰਾਧ ਆਵਨ ਤਾਂ ਛੱਤੀ ਪ੍ਰਕਾਰ ਦਾ ਪ੍ਰਸ਼ਾਦ ਕਰੇ। ਕਰਕੈ ਤਿਆਰ ਪ੍ਰਸਾਦਿ, ਅਤੇ ਖਾਲਸੇ ਨੂੰ ਸੱਦ ਕੇ ਅਨੰਦ ਪੜ੍ਹੇ। ਪੜ੍ਹ ਕੇ ਅਨੰਦ ਅਰਦਾਸ ਕਰੇ। ਸਿਖਾਂ ਨੂੰ ਪ੍ਰਸਾਦਿ ਖਵਾਵੇ। ਤਾਂ ਇਸਦਾ ਦਿੱਤਾ ਥਾਇ ਪੜੇ ਅਤੇ ਪਿਤਰਾਂ ਨੂੰ ਪਹੁੰਚੇ।" ਪਰ ਗੁਰਬਾਣੀ ਨੇ ਸਚੋ ਸੱਚ ਉਚਾਰਿਆ—

ਜੀਵਤ ਪਿਤਰ ਨ ਮਾਨੈ ਕੋਊ, ਮੂਏਂ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ, ਕਊਆ ਕੂਕਰ ਖਾਹੀ॥

ਗਉੜੀ ਬੈ: ਕਬੀਰ ਜੀ, ਪੰਨਾ ੩੩੨

ਸਤਿਗੁਰਾਂ ਦੇ ਇਸ ਹੁਕਮ ਅਨੁਸਾਰ ਗੁਰਬਾਣੀ ਸ਼ਰਾਧ ਕਰਨ ਦੀ ਪ੍ਰਵਾਨਗੀ ਨਹੀਂ ਦਿੰਦੀ। ਸੋ ਅਸੀਂ ਆਪਣੇ ਕਾਰਜ ਗੁਰਬਾਣੀ ਦੇ ਹੁਕਮਾਂ ਅਨੁਸਾਰ ਹੀ ਕਰ ਸਕਦੇ ਹਾਂ, ਨਾ ਕਿ ਇਨ੍ਹਾਂ ਰਲਗੱਡ ਰਹਿਤਨਾਮਿਆਂ ਦੇ ਭੁਲੇਖੇ-ਪਾਊ ਕਥਨਾਂ ਅਨੁਸਾਰ। ਗੁਰੂ ਸਾਹਿਬ ਨੇ ਬ੍ਰਾਹਮਣਵਾਦ ਦਾ ਖੰਡਨ ਕੀਤਾ ਹੈ, ਕਰਮਕਾਂਡ ਦਾ

---

* ਪ੍ਰੋ: ਪਿਆਰਾ ਸਿੰਘ ਜੀ ਪਦਮ ਨੇ ਰਹਿਤਨਾਮਿਆਂ ਦੀ ਸੰਪਾਦਨਾ ਕੀਤੀ ਹੈ, ਪੁਸਤਕ ਦੇ ਅਰੰਭ ਵਿਚ ਪੰਨਾ ੪੩ ਤੇ ਲਿਖਦੇ ਹਨ—

"ਇਹ ਰਹਿਤਨਾਮੇ ਕਦੋਂ ਲਿਖੇ ਗਏ, ਕਿਸ ਕਿਸ ਨੇ ਲਿਖੇ, ਇਸ ਦਾ ਉਤਰ ਡੂੰਘੀ ਖੋਜ ਦਾ ਮੁਥਾਜ ਹੈ। ਇਕ ਗੱਲ ਸਾਫ਼ ਹੈ ਕਿ ਕੋਈ ਰਹਿਤਨਾਮਾ ਸ੍ਰੀ ਮੁਖਵਾਕ ਜਾਂ ਗੁਰੂ ਗੋਬਿੰਦ ਸਿੰਘ ਜੀ ਰਚਿਤ ਨਹੀਂ, ਜੇ ਅਜਿਹਾ ਹੁੰਦਾ ਤਾਂ 'ਦਸਮ ਗ੍ਰੰਥ' ਵਿਚ ਜ਼ਰੂਰ ਦਰਜ ਹੁੰਦਾ। ਮਾਲੂਮ ਹੁੰਦਾ ਹੈ ਕਿ ਅਠਾਰ੍ਹਵੀਂ ਸਦੀ ਵਿਚ ਇਨ੍ਹਾਂ ਦੀ ਰਚਨਾ ਹੋਈ ਅਤੇ ਲਿਖਣ ਵਾਲੇ ਹੋਰ ਬੁਧਿਮਾਨ ਸਿਖ ਹਨ, ਪਰੰਤੂ ਇਨ੍ਹਾਂ ਨੂੰ ਪ੍ਰਮਾਣੀਕ ਬਣਾਉਣ ਲਈ ਗੁਰੂ ਦਸਮੇਸ਼ ਦੇ ਨਿਕਟਵਰਤੀ ਬਜ਼ੁਰਗ ਸਿਖਾਂ ਨਾਲ ਸਬੰਧਿਤ ਕੀਤਾ ਗਿਆ।... ...ਕੁਝ ਰਹਿਤਨਾਮਿਆਂ ਵਿਚ ਕੁਝ ਕੁ ਗੱਲਾਂ ਅਜੇਹੀਆਂ ਅੰਕਿਤ ਹਨ, ਜੋ ਗੁਰਮਤਿ ਅਨੁਸਾਰੀ ਨਹੀਂ ਹਨ।"

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਵੀ ਇਨ੍ਹਾਂ ਰਹਿਤਨਾਮਿਆਂ ਬਾਰੇ ਕਰੜੀ ਨੁਕਤਾਚੀਨੀ ਕੀਤੀ ਹੈ। ਪੁਰਾਤਨ ਵਿਦਵਾਨ ਪੰਡਿਤ ਤਾਰਾ ਸਿੰਘ ਜੀ ਨਿਰੋਤਮ ਨੇ ਵੀ ਲਿਖਿਆ ਹੈ—"ਉਸ ਸਮੇਂ ਕੇ ਜੋ ਉਪਦੇਸ਼ ਆਪਣੀ ਆਪਣੀ ਬੁਧੀ ਅਨੁਸਾਰ ਅਨੇਕ ਗੁਰੂ ਸਿਖੋਂ ਨੇ ਆਪਣੇ ਨਾਮ ਸੇ ਯਾ ਗੁਰੂ ਜੀ ਕੇ ਨਾਮ ਸੇ ਰਹਿਤਨਾਮੇ ਆਦਿ ਨਾਮ ਰਖ, ਨਾਨਾ ਪਰਕਾਰ ਦੀ ਕਥਾ-ਮਿਸਰਤ ਵਾ ਕੇਵਲ ਬਡੇ ਛੋਟੇ ਧਰਮ-ਪੁਸਤਕ ਲਿਖੇ ਹੈਂ ਸੋ ਲਿਖਤੇ ਹੈਂ।"


www.AKJ.Org

ਖੰਡਨ ਕੀਤਾ ਹੈ ਅਤੇ ਕਿਹਾ ਹੈ–

"ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥" ਆਸਾ ਦੀ ਵਾਰ ਮ: ੧, ਪੰਨਾ ੪੭੨

"ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨॥੧॥

ਵਾਰ ਮਾਝ, ਮ: ੧, ਪੰਨਾ ੧੩੮

ਗੁਰੂ ਬਾਣੀ ਸਰਾਧ, ਪਿੰਡ, ਪਤਲ, ਸ਼ਖਸੀ ਪੂਜਾ, ਵਰਤ ਤੇ ਜਨਮ ਮਰਨ ਆਦਿ ਦੇ ਕਰਮ-ਕਾਂਡਾਂ ਦਾ ਖੰਡਨ ਕਰਦੀ ਹੈ। ਬ੍ਰਾਹਮਣਾਂ ਦੀ ਬਜਾਇ ਸਿਖਾਂ ਨੂੰ ਪ੍ਰਸਾਦਿ ਛਕਾ ਕੇ ਸਿਖ-ਬ੍ਰਾਹਮਣ ਪੈਦਾ ਕਰਨਾ ਵਾਜਬ ਨਹੀਂ।

ਇਸੇ ਰਹਿਤਨਾਮੇ ਵਿਚ ਅਗੇ ਲਿਖਿਆ ਹੈ:–

"...ਇਸਤ੍ਰੀ ਦੇ ਜਾਮੇ ਤੇ ਵਿਸਾਹੁ ਨਾ ਕਰਨਾ।" ਪਰ ਇਨਕਲਾਬ ਲਿਆਉਣ ਵਾਲੇ ਸਤਿਗੁਰੂ, ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਇਸਤ੍ਰੀ ਦੀ ਉਚ-ਹਸਤੀ ਨੂੰ ਸਵੀਕਾਰ ਕਰਦਿਆਂ ਬੁਲੰਦ ਅਵਾਜ਼ ਵਿਚ ਆਖਿਆ:–

"ਸੋ ਕਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥" ਆਸਾ ਦੀ ਵਾਰ ਮ: ੧, ਪੰਨਾ ੪੭੩

ਇਸਤ੍ਰੀ ਨੂੰ ਮਰਦ ਦੀ ਅਰਧੰਗੀ ਕਹਿ ਕੇ ਸਨਮਾਨਿਆ–

"ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥
ਅਰਧ ਸਰੀਰੀ ਨਾਰਿ ਨ ਛੋਡੈ, ਤਾ ਤੇ ਹਿੰਦੂ ਹੀ ਰਹੀਐ ॥੩॥੮॥

ਗਉੜੀ ਕਬੀਰ ਜੀ, ਪੰਨਾ ੪੭੭

ਗ੍ਰਿਹਸਤੀ ਜੀਵਨ ਦੀ ਗੱਡੀ ਮਰਦ ਤੇ ਇਸਤ੍ਰੀ ਦੇ ਸਹਿਯੋਗ ਨਾਲ ਹੀ ਸਮਤੁਲ ਹੈ। ਇਸਤ੍ਰੀ ਨੂੰ ਸਮਾਜਕ ਤੇ ਧਾਰਮਕ ਪੱਖ ਤੋਂ ਬਰਾਬਰਤਾ ਬਖਸ਼ੀ।

ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਦੇ ਸ਼ੁਰੂ ਵਿਚ ਹੀ ਲਿਖਿਆ ਮਿਲਦਾ ਹੈ :–

"ਹੁਕਮ ਹੋਯਾ ਪ੍ਰਹਿਲਾਦ ਸਿੰਘ, ਬਿਪ੍ਰ, ਜਾਤਿ ਹੰਸਰਾਇ ॥"

ਜਦ ਕਿ ਜਾਤ ਵਰਨ ਦਾ ਗੁਰੂ ਆਸ਼ੇ ਅਨੁਸਾਰ ਜ਼ੋਰਦਾਰ ਖੰਡਨ ਹੈ। ਹੁਕਮ ਹੈ–

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥੨॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ, ਤੁਮ ਕਤ ਦੂਧ ॥੩॥ (੩੨੪)

ਇਸੇ ਤਰ੍ਹਾਂ ਰਹਿਤਨਾਮਾ ਭਾਈ ਦਇਆ ਸਿੰਘ ਦੇ ਸ਼ੁਰੂ ਵਿਚ ਲਿਖਿਆ ਹੈ :–

"ਸ੍ਰੀ ਦਸਵੀਂ ਪਾਤਸ਼ਾਹੀ ਅਨੰਦਪੁਰ ਮੇਂ ਬੈਠੇ ਥੇ, ਦਯਾ ਸਿੰਘ ਜੀ ਪ੍ਰਸ਼ਨ ਕੀਆ ਸੁ ਮਹਾਰਾਜ ਜੀ, ਰਹਿਤਨਾਮਾ ਕਹੀਏ, ਜਿਸ ਕੇ ਸੁਨਨੇ ਸੇ ਮੁਕਤ ਹੋਇ। ਉਤਰ–ਜਦ ਦੇਵੀ ਪ੍ਰਗਟ ਭਈ ਔਰ ਪਾਂਚ ਪਯਾਰੇ ਸਾਵਧਾਨ ਹੂਏ, ਤਬ ਸਭ ਦੇਵਤਾ ਆਏ।...ਕੇਸ ਚੰਡੀ ਜੀ ਦਏ, ਬਾਹਨੀ ਕੱਛ ਹਨੂ ਜੀ ਦਈ......"

ਕੇਸ ਦੇਵੀ ਤੇ ਕੱਛ ਹਨੂਮਾਨ ਜੀ ਵਲੋਂ ਦੇਣੀ ਬੜੀ ਹਾਸੋਹੀਣੀ ਜਿਹੀ ਵਿਉਂਤ ਹੈ। ਜਦੋਂ ਕਿ ਇਸ ਵਿਚ ਕਿਸੇ ਨੂੰ ਵੀ ਸ਼ੱਕ ਨਹੀਂ ਕਿ ਕੇਸ ਸਰੀਰ ਦਾ ਜ਼ਰੂਰੀ ਅੰਗ ਹਨ। ਜੰਮਦੇ ਬੱਚੇ ਦੇ ਸਿਰ ਤੇ ਕੇਸ ਹੁੰਦੇ ਹਨ–ਕਰੋੜਾਂ ਹੀ ਰੋਮ ਸਰੀਰ ਨੂੰ ਸਾਵਧਾਨ ਰਖਦੇ ਹਨ। ਗੁਰੂ ਪਾਤਸ਼ਾਹ ਨੇ "ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥" (੯੪੧) ਦਾ ਦ੍ਰਿਸ਼ਟਾਂਤ ਦਿੱਤਾ ਹੈ। ਤਾਂ ਜੁ ਰੋਮਾਂ ਰਾਹੀਂ ਫੋਕੀ ਪਉਣ ਕਢਣ ਦੀ ਬਜਾਇ ਨਾਮ-ਅੰਮ੍ਰਿਤ ਤਨ ਵਿਚ ਸਿੰਚਿਆ ਜਾਵੇ।

ਜੇਕਰ ਇਹ ਰਹਿਤਨਾਮੇ ਗੁਰੂ ਦਾ ਹੁਕਮ ਹੁੰਦੇ ਤਾਂ ਇਨ੍ਹਾਂ ਵਿਚ ਗੁਰਬਾਣੀ ਦੀ ਤਰ੍ਹਾਂ ਕੋਈ ਵੀ


www.AKJ.Org

ਉਕਾਈ ਤੇ ਤਰਦੀਦ ਨਾ ਹੁੰਦੀ। ਗੁਰੂ ਸਾਹਿਬ ਸਿਖਾਂ ਵਲੋਂ ਜਾਰੀ ਕਰਾਉਣ ਦੀ ਬਜਾਇ ਆਪ ਜਾਰੀ ਕਰ ਸਕਦੇ ਸਨ। ਇਨ੍ਹਾਂ ਰਹਿਤਨਾਮਿਆਂ ਵਿਚ ਗੁਰਮਤਿ-ਵਿਰੋਧੀ-ਧਾਰਾਵਾਂ ਦੀ ਭਰਮਾਰ ਹੈ। ਇਹ ਤਾਂ ਗੁਰੂ ਦੇ ਬਖਸ਼ੇ ਕਕਾਰਾਂ ਦੀ ਖਿਲੀ ਉਡਾਣ ਵਾਲੀ ਗੱਲ ਹੈ। ਦੇਵੀ ਦੀ ਪੂਜਾ ਅਤੇ ਹਨੂਮਾਨ ਦੀ ਸ਼ਖਸੀ ਪੂਜਾ ਕਰਨ ਲਈ ਪਰੇਰਨਾ ਕੀਤੀ ਹੋਈ ਹੈ; ਜਦ ਕਿ ਗੁਰੂ ਗੋਬਿੰਦ ਸਿੰਘ ਜੀ ਨੇ, "ਏਕ ਬਿਨਾ ਮਨਿ ਨੈਕ ਨ ਆਨੈ॥" ਦਾ ਉਪਦੇਸ਼ ਦਿੱਤਾ ਹੈ। ਹੋਰ ਹੁਕਮ ਸਪਸ਼ਟ ਹਨ–

ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ॥
ਭੈਰਉ ਮ: ੫, ਪੰਨਾ ੧੧੩੮-੩੯

ਭਰਮੇ ਸੁਰਿ ਨਰ ਦੇਵੀ ਦੇਵਾ ॥੪੦॥ ਬਾਵਨ ਅਖਰੀ, ਪੰਨਾ ੨੫੮

ਦੇਵੀਆ ਨਹੀ ਜਾਨੈ ਮਰਮ ॥ ਸਭ ਉਪਰਿ ਅਲਖ ਪਾਰਬ੍ਰਹਮ ॥੨॥੩੬॥ (੮੯੪)
ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾਂ ਛਪਾਨੀ ॥੪॥
ਗੋਂਡ ਨਾਮਦੇਉ ਜੀਉ, ਪੰਨਾ ੮੭੪

ਕੇਸਾਂ ਨੂੰ 'ਕਕਾਰ' ਲਿਖਣਾ ਭੀ ਇਕ ਚਾਲ ਚਲੀ ਗਈ ਹੈ। ਕੇਸ ਸਰੀਰ ਦਾ ਜ਼ਰੂਰੀ ਅੰਗ ਹੋਣ ਕਰਕੇ ਇਨ੍ਹਾਂ ਦੀ ਸੰਭਾਲ ਲਈ ਦਸਤਾਰ 'ਕੇਸਕੀ' ਕਕਾਰ ਹੋ ਸਕਦਾ ਹੈ। ਕੇਸ ਕਤਲ ਕਰਾਉਣ ਨਾਲ ਸਿਖ ਪਤਿਤ ਹੋ ਜਾਂਦਾ ਹੈ। ਪਤਿਤ ਸਿਖ ਨੂੰ ਦੁਬਾਰਾ ਅੰਮ੍ਰਿਤ ਛਕ ਕੇ ਤੇ ਗੁਰੂ ਰੂਪ ਪੰਜ ਪਿਆਰਿਆਂ ਵਲੋਂ ਲਗੀ ਤਨਖਾਹ (ਸਜ਼ਾ) ਦੀ ਸਹੀ ਪੁਸ਼ਟੀ ਕਰਨ ਬਾਅਦ ਹੀ ਸਿੰਘ ਬਖਸ਼ਿਆ ਜਾਂਦਾ ਹੈ। ਇਸ ਤੋਂ ਵਖ ਬਾਹਰਲੀਆਂ ਪੰਜ-ਕਕਾਰੀ-ਰਹਿਤਾਂ ਵਿਚੋਂ ਹੋਈ ਭੁੱਲ ਅਰਦਾਸ ਕਰ ਕੇ ਮੁਆਫ਼ੀ ਮਿਲ ਸਕਦੀ ਹੈ। ਪਰ ਢਿਲੜ ਤੇ ਚਤਰ ਪੁਰਸ਼ਾਂ ਨੇ 'ਕੇਸਕੀ' ਦੀ ਬਜਾਇ ਕੇਸ ਹੀ ਕੱਕਾਰ ਬਣਾ ਕੇ ਇਕ ਕੱਕਾਰ ਹੀ ਕੱਟ ਦਿੱਤਾ ਹੈ।

ਪ੍ਰੇਮ ਸੁਮਾਰਗ ਗ੍ਰੰਥ ਦੇ ਕਰਤਾ ਨੇ 'ਸ੍ਰੀ ਦਸਮ ਗ੍ਰੰਥ' ਵਾਂਗ ਪ੍ਰੇਮ ਸੁਮਾਰਗ ਗ੍ਰੰਥ ਨਾਲ ਪਾਤਸ਼ਾਹੀ ਦਸਵੀਂ ਲਿਖ ਕੇ ਇਹ ਗ੍ਰੰਥ ਵੀ ਦਸਵੀਂ ਪਾਤਸ਼ਾਹੀ ਵਲੋਂ ਉਚਾਰਿਆ ਪ੍ਰਗਟ ਕਰ ਦਿੱਤਾ। ਮਹਾਨ ਵਿਦਵਾਨ ਭਾਈ ਸੰਤੋਖ ਸਿੰਘ ਜੀ, ਗਿਆਨੀ ਗਿਆਨ ਸਿੰਘ ਅਤੇ ਭਾਈ ਰਤਨ ਸਿੰਘ ਭੰਗੂ, ੧੯ਵੀਂ ਸਦੀ ਦੇ ਵਿਦਵਾਨਾਂ ਨੇ ਇਹਨਾਂ ਰਹਿਤ ਮਰਯਾਦਾ ਦੇ ਖਰੜਿਆਂ ਤੋਂ ਹੀ ਪ੍ਰੇਰਨਾ ਲੈ ਕੇ ਸਿਖ ਇਤਿਹਾਸ ਤੇ ਰਹਿਤ ਮਰਯਾਦਾਵਾਂ ਦਾ ਪ੍ਰਪੱਕ ਕਰ ਦਿੱਤਾ, ਜਿਸ ਨਾਲ ਭੁਲੇਖੇ ਹੀ ਵਧੇ ਹਨ। ਇਹ ਸਭ ਖੋਜ ਦੇ ਮੁਹਤਾਜ ਹਨ।

ਅਜ ਕਲ੍ਹ ਚਲਦਾ ਵਹੀਰ ੬ਵਾਂ ਤਖਤ ਦੇ ਸੰਚਾਲਕ ਬਾਬਾ ਸੰਤਾ ਸਿੰਘ ਜੀ ਨੇ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਗੁਰ-ਹੁਕਮਾਂ ਤੇ ਚਲਾਉਣ ਲਈ ਇਕ ਹੁਕਮਨਾਮਾ ਜਾਰੀ ਕੀਤਾ। ਇਸ ਜਾਰੀ ਕੀਤੇ ਹੁਕਮਨਾਮੇ ਵਿਚੋਂ ੧੨, ੧੩, ੧੬ ਤੇ ੧੭ ਨੰਬਰ ਧਾਰਾਵਾਂ ਖ਼ਾਸ ਨੋਟ ਕਰਨ ਵਾਲੀਆਂ ਹਨ–

(੧੨) ਸ਼ਹੀਦੀ ਦੇਗ ਦਾ ਭੋਗ ਅਤੀ ਜ਼ਰੂਰੀ ਹੈ। ਇਹ ਮਰਯਾਦਾ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਹਰਿ ਗੋਬਿੰਦ ਪਾਤਸ਼ਾਹ ਦੀ ਚਲਾਈ ਹੋਈ ਹੈ। ਪਰ ਸ਼ਰਦਾਈ ਭੋਗ ਨਹੀਂ। ਸ਼ਹੀਦੀ ਦੇਗ ਹੋਣੀ ਚਾਹੀਦੀ ਹੈ, ਜਿਸ ਵਿਚ ਸੁਖ ਨਿਧਾਨ (ਭੰਗ) ਅਤਿ ਜ਼ਰੂਰੀ ਹੈ।

(੧੩) ਨਾਰੀਅਲ ਤੇ ਕੁੰਭ ਅਖੰਡ ਪਾਠ ਸਮੇਂ ਗੁਰਮਤਿ ਅਨੁਸਾਰ ਰਖਣੇ ਸਹੀ ਹਨ।

(੧੬) ਸ਼ਸਤਰਾਂ ਨੂੰ ਚੰਦਨ ਦਾ ਟਿੱਕਾ ਅਤਰ ਫੁਲੇਲ ਭੇਟਾ ਸਹੀ ਹੈ।

(੧੭) ਸਸ਼ਤਰਾਂ ਨੂੰ ਚੁਟੰਗੇ ਦੇ ਖ਼ੂਨ ਦਾ ਤਿਲਕ ਸਹੀ ਹੈ। ਚੁਟੰਗਾ ਕੇਵਲ ਯੋਗ ਅਸਥਾਨ ਤੇ ਹੀ ਝਟਕਾਇਆ ਜਾਣਾ ਚਾਹੀਦਾ ਹੈ। ਤੇ ਸੇਵਾਦਾਰ ਤੀਰ ਅੰਦਰੋਂ ਲੈ ਕੇ ਆਵੇ ਤੇ ਸ਼ਸਤਰਾਂ ਨੂੰ ਖ਼ੂਨ ਦਾ ਤਿਲਕ ਲਾਵੇ।



www.AKJ.Org

ਡਾਕਟਰ ਜੀਤ ਸਿੰਘ ਸੀਤਲ ਨੇ ਸਿੰਘ ਸਭਾ ਪਤ੍ਰਿਕਾ, ਜੁਲਾਈ ੧੯੮੦ ਦੇ ਲੇਖ ਵਿਚ ਇਨ੍ਹਾਂ ਨਿਹੰਗਾਂ ਬਾਰੇ ਲਿਖਿਆ ਹੈ :–

"ਰਹਿਤ ਮਰਯਾਦਾ ਦੀ ਰੂਹ ਤੇ ਜਿੰਦ ਜਾਨ ਨੂੰ ਗੁਰੂ ਦੀਆਂ ਲਾਡਲੀਆਂ ਫੌਜਾਂ (ਨਿਹੰਗ ਸਿੰਘਾਂ) ਨੇ ਹੀ ਮਾਲਾ ਵਤ ਗਲੇ ਪਾ ਕੇ ਗ੍ਰਹਿਣ ਕੀਤਾ ਤੇ ਹੁਣ ਤਕ ਉਸੇ ਤਰ੍ਹਾਂ ਕਾਰਬੰਦ ਹਨ।" ਡਾ: ਜੀਤ ਸਿੰਘ ਤੇ ਨਿਹੰਗ ਬਾਬਾ ਸੰਤਾ ਸਿੰਘ ਜੀ ਨੇ ਇਹ ਸਿਖ ਮਰਯਾਦਾ ਸਿਰਫ਼ ਆਪਣੀ ਜੀਭ ਦੇ ਚਸਕੇ-ਵੱਸ ਕਾਰਬੰਦ ਕੀਤੀ ਹੈ, ਤਾਂ ਜੁ ਇਹ ਭੰਗ ਤੇ ਮਾਸ ਛਕਦੇ ਰਹਿ ਸਕਣ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲਾ ਪ੍ਰਮਾਣ–

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥੨੩੩॥ ਸਲੋਕ ਕਬੀਰ ਜੀ, ੧੩੭੭

ਇਹਨਾਂ ਦੀ ਰਹਿਤ ਮਰਯਾਦਾ ਦਾ ਖੰਡਨ ਕਰਦਾ ਹੈ। ਫਿਰ ਚਲਾਕੀ ਨਾਲ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜਿਹੇ ਮਹਾਨ ਯੋਧੇ ਦੇ ਨਾਮ ਨੂੰ ਆਪਣੇ ਸੁਆਰਥ ਲਈ ਵਰਤਣੋਂ ਸੰਕੋਚ ਨਹੀਂ ਕੀਤਾ। ਇਸੇ ਤਰ੍ਹਾਂ ਬੱਕਰਾ ਵੱਢ ਕੇ ਖ਼ੂਨ ਦਾ ਤਿਲਕ ਲਾਉਣਾ ਬੁਜ਼ਦਿਲੀ ਹੈ। ਸਿਖ ਧਰਮ ਦੀ ਬੁਨਿਆਦ "ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ" (੧੩੬) ਦੇ ਸਿਧਾਂਤ ਤੇ ਰਖੀ ਹੋਈ ਹੈ।

ਅੱਜ ਕਲ੍ਹ ਸੰਤਾਂ ਦਾ ਬੜਾ ਚਰਚਾ ਹੈ। ਕਰਨੀ ਵਾਲੇ ਮਹਾਂਪੁਰਸ਼ ਸਾਡੇ ਸਤਿਕਾਰਯੋਗ ਹਨ, ਪਰ ਦੰਭੀ ਸੰਤਾਂ ਦਾ ਬੋਲਬਾਲਾ ਵਧਦਾ ਜਾ ਰਿਹਾ ਹੈ। ਅਜਿਹੇ ਕਪਟੀ, ਪਖੰਡੀ ਅਤੇ ਮਾਇਆ ਖ਼ਾਤਰ ਤ੍ਰਿਸ਼ਨਾ ਦੇ ਕੁਠੇ ਸੰਤ-ਅਖਵਾਂਦੇ ਪੁਰਸ਼ਾਂ ਪ੍ਰਤੀ ਸ੍ਰੀ ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ–

ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥੪॥੬॥
ਗੂਜਰੀ ਮਹਲਾ ੩, ਪੰਨਾ ੪੯੧

ਆਏ ਦਿਨ ਮਾਇਆ ਗ੍ਰਸੇ ਇਹ ਭੱਦਰ ਪੁਰਸ਼ ਲੰਮੇ ਚੋਲੇ ਪਾ ਕੇ ਯੂ. ਕੇ. ਵਿਚ ਜਹਾਜ਼ੋਂ ਉਤਰਦੇ ਹਨ। ਆਪੋ ਆਪਣੇ ਜੰਤਰ ਮੰਤਰਾਂ ਨਾਲ ਸੰਗਤਾਂ ਨੂੰ ਕੀਲ ਕੇ ਮਾਇਆ ਦੇ ਗਫ਼ੇ ਝਾੜਨ ਲਈ ਬੜੇ ਤਜਰਬਾ-ਕਾਰ ਹਨ। ਆਪਣੇ ਹਜ਼ੂਰੀ ਸੇਵਕਾਂ ਰਾਹੀਂ ਭੋਲੇ ਭਾਲੇ ਲੋਕਾਂ ਨੂੰ ਵਰਗਲਾ ਰਹੇ ਹਨ। ਦੁਖੀ ਜਨਤਾ ਨੂੰ ਫੂਕ ਮਾਰ ਕੇ ਪਾਣੀ ਦਾ ਅੰਮ੍ਰਿਤ ਵੇਚ ਰਹੇ ਹਨ। ਲੰਗਰ ਦੇ ਬਹਾਨੇ ਪੌਂਡ ਝਾੜਨ ਦਾ ਪ੍ਰਚਾਰ ਕਰ ਰਹੇ ਹਨ। ਸੁਖ ਤੇ ਚੈਨ ਦੀ ਖ਼ਾਤਰ ਦੁਨੀਆ ਅੰਨ੍ਹੇਵਾਹ ਪੈਸੇ ਦੇ ਰਹੀ ਹੈ, ਜਿਸ ਨਾਲ ਇਹਨਾਂ ਦੰਭੀਆਂ ਦੀਆਂ ਵੱਡੀਆਂ ਵਡੀਆਂ ਆਲੀਸ਼ਾਨ ਬਿਲਡਿੰਗਾਂ ਤੇ ਦੋ ਦੋ ਝੰਡੇ ਲਹਿਰਾ ਰਹੇ ਹਨ। ਆਪਣੀ ਪ੍ਰਤਭਾ ਦੇ ਭੁੱਖੇ, ਝੂਠੇ ਪ੍ਰਪੰਚ ਦੇ ਜ਼ੋਰ ਦੁਖੀ ਲੋਕਾਂ ਨੂੰ ਨੱਕ ਰਗੜਨ ਦੀ ਸਿਖਿਆ ਦਿੰਦੇ ਹਨ। ਸੰਤਾਂ ਦੀ ਖ਼ਾਲੀ ਕੁਰਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਲਗੀ, ਗੱਦੀ ਨੂੰ ਪੂਜਣਯੋਗ ਸਮਝ ਕੇ ਸੇਵਕ ਮੱਥੇ ਟੇਕਦੇ ਹਨ, ਜਦ ਕਿ ਗੁਰੂ ਸਾਹਿਬ ਨੇ ਸ਼ਖ਼ਸੀ ਪੂਜਾ ਦੀ ਕਰੜੀ ਮਨਾਹੀ ਕੀਤੀ ਹੈ। ਅੰਮ੍ਰਿਤ ਦੀ ਦਾਤ ਪੰਜ ਪਿਆਰੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਦੇ ਸਕਦੇ ਹਨ, ਪਰ ਇਹ ਨਿਡਰ ਮਨਮੁਖੀ ਦੁਹੇਲੇ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ।

ਬ੍ਰਾਹਮਣਵਾਦ ਵਾਂਗ ਯੋਗਮਤ ਦੀ ਵੀ ਸਿਖ ਮੱਤ ਤੇ ਭਾਰੂ ਹੋਣ ਦੀ ਘੰਟੀ ਵੱਜ ਰਹੀ ਹੈ। ਗੁਰੂ ਨਾਨਕ ਦੇਵ ਜੀ ਨੇ "ਸਿਧ ਗੋਸਟਿ" ਬਾਣੀ ਨਿਰੋਲ ਯੋਗਮਤ ਤੇ ਸਿਖ ਧਰਮ ਦੇ ਬੁਨਿਆਦੀ ਅਸੂਲਾਂ ਨੂੰ ਨਿਖੇੜ ਕੇ ਯੋਗੀਆਂ ਨੂੰ ਨਾਮ-ਸਿਮਰਨ ਨਾਲ ਜੋੜਨ ਦੀ ਪ੍ਰੇਰਨਾ ਹਿਤ ਰਚੀ। ਅਜ ਯੋਗਮਤ ਦੇ ਸਿੱਖੀ ਵਿਚ ਪ੍ਰਵੇਸ਼ ਨੂੰ ਮਾਣਤਾ ਮਿਲ ਰਹੀ ਹੈ। ਯੋਗਮਤ ਤੇ ਸਿਖ ਧਰਮ ਵਿਚ ਬੁਨਿਆਦੀ ਅਜੋੜ ਹੈ।


www.AKJ.Org

ਗੁਰਵਾਕ—ਨਿਵਲੀ ਕਰਮ ਭੁਅੰਗਮ ਭਾਠੀ, ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ, ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ, ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥

ਪ੍ਰਭਾਤੀ ਮ: ੧, ਪੰਨਾ ੧੩੪੩

ਸਿਖ ਧਰਮ ਸੁਤੰਤਰ ਧਰਮ ਹੈ। ਯੋਗ ਦੇ ਆਸਣ ਤੇ ਪ੍ਰਾਣਾਯਾਮ ਸਰੀਰ ਨੂੰ ਤਾਂ ਭਾਵੇਂ ਸਿਹਤਮੰਦ ਰਖ ਸਕਦੇ ਹੋਣਗੇ—ਪਰ ਭੁਯੰਗਮ ਨਾੜੀ (ਕੁੰਡਲਨੀ) ਦੇ ਰਸਤੇ ਪ੍ਰਭੂ ਦਾ ਮਿਲਾਪ ਨਿਰੇ ਭਰਮ-ਭੁਲੇਖੇ ਹਨ। ਸਵਾਸ ਸਵਾਸ ਨਾਮ ਜਪਣਾ, ਸੁਰਤਿ ਸ਼ਬਦ ਦੇ ਮੇਲ ਨਾਲ ਹੀ ਪ੍ਰਭੂ ਦਾ ਮਿਲਾਪ ਹੈ। ਯੋਗ ਦੀਆਂ ਕਿਰਿਆਵਾਂ ਬਾਜੀਗਰਾਂ ਦੀਆਂ ਖੇਡਾਂ ਹਨ। ਸਿਖਾਂ ਨੂੰ ਸੰਤ-ਸਿਪਾਹੀ ਦੀ ਰਹਿਣੀ ਸਹਿਣੀ ਅਤੇ ਕਹਿਣੀ ਦੀ ਬਖਸ਼ਿਸ਼ ਗੁਰੂ ਸਾਹਿਬ ਵਲੋਂ ਬੇਅੰਤ ਘਾਲਣਾ ਤੇ ਕੁਰਬਾਨੀਆਂ ਬਾਅਦ ਮਿਲੀ ਹੈ। ਆਓ! ਅਸੀਂ ਇਹ ਬਾਜੀਗਰਾਂ ਵਾਲੇ ਕਰਮ ਧਰਮ ਤਿਆਗ ਕੇ ਪੂਰੇ ਗੁਰਸਿਖ ਬਨਣ ਲਈ ਪ੍ਰਯਤਨ-ਸ਼ੀਲ ਹੋਈਏ।

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ, ਨਿਮਖ ਸਿਮਰਤ ਜਿਤੁ ਛੂਟੈ ॥੧॥

ਸੂਹੀ ਮਹਲਾ ੫, ਪੰਨਾ ੭੪੭

ਕਰਮ ਧਰਮ ਨੇਮ ਬ੍ਰਤ ਪੂਜਾ ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥੨॥੧੬॥

ਗਉੜੀ ਮ: ੫, ਪੰਨਾ ੧੯੯

---

# ਗੁਰੂ ਨਾਨਕ ਮਿਹਰਾਂ ਦੇ ਸਾਈਂ

[ਗਿ: ਗੋਪਾਲ ਸਿੰਘ ਜੀ 'ਮਿਤਰ', ਮਾਲਬ, ਜ਼ਿਲਾ ਗੁੜਗਾਉਂ]

ਗੁਰ ਨਾਨਕ ਮਿਹਰਾਂ ਦੇ ਸਾਈਂ ! ਲੋੜ ਹੈ ਤੇਰੀ ਰਹਿਮਤ ਦੀ।
ਇਕੋ ਮੰਗ ਮੰਗਦੀ ਸਾਈਂ ! ਪਾ ਦੇ ਖ਼ੈਰ ਇਨਾਇਤ ਦੀ।
ਨਾ ਚੰਗੀ, ਗੁਣ ਨਾਹੀ ਪੱਲੇ, ਨਿੰਮੋਝੂਣੀ ਝੂਰ ਰਹੀ;
ਨਾ ਕੋਈ ਵਡਿਆਈ ਮੇਰੇ ਮਨ ਵਿਚ ਧਨ ਤੇ ਦੌਲਤ ਦੀ।
ਮੇਰੇ ਕਰਮਾਂ ਦੇ ਲੇਖੇ ਨੂੰ ਗਿਣੀਂ ਨ ਐ ਬਖਸ਼ਿੰਦ ਗੁਰੂ;
ਲੀਕ ਮਾਰ ਸਕਦੀ ਏ ਤੇਰੀ ਇਕੋ ਨਜ਼ਰ ਸਖ਼ਾਵਤ ਦੀ।
ਤੇਰਾ ਨਾਮ-ਧਰੀਕ ਹੁੰਦਿਆਂ ਕਿਵੇਂ ਕਿਸੇ ਦਰ ਜਾਵਾਂ ਮੈਂ,
ਕਿਉਂ ਜਾ ਕੇ ਮੈਂ ਝੋਲੀ ਅੱਡਾਂ ਕਿਸੇ ਦੁਆਰੇ ਮਿੰਨਤ ਦੀ।
ਮਾਲਕ ਵਾਲੇ ਕੂਕਰ ਨੂੰ ਨਹੀਂ ਲੋੜ ਕਿਸੇ ਦਰ ਜਾ ਬੈਠੇ;
ਪੂਰੀ ਜਿਨ੍ਹੂੰ ਤਸੱਲੀ ਏ ਆਪਣੇ ਸਾਈਂ ਦੀ ਤਾਕਤ ਦੀ।
ਸ਼ਰਨ ਪਈ ਦੀ ਲਾਜ ਰੱਖ ਲੈ, ਬਿਰਦ-ਪਾਲ ਹੈ ਤੇਰਾ ਨਾਮ;
ਆਇ ਪਈ ਹਾਂ ਤੇਰੇ ਦੁਆਰੇ, ਫੜ ਕੇ ਸੋਟੀ ਹਿੰਮਤ ਦੀ।
ਨਾ ਜਾਣਾ ਇਸ ਜਗ ਵਿਚ ਬਾਕੀ ਦੱਮ-ਹਯਾਤੀ ਕਿਤਨੀ ਹੈ;
ਤੇਰੇ ਚਰਨਾਂ ਨਾਲ ਜੁੜੀ ਰਹੇ ਮੇਰੀ ਤਾਰ ਮੁਹਬੱਤ ਦੀ।


www.AKJ.Org

# ਗੁਰੂ ਨਾਨਕ ਨਿਰੰਕਾਰੀ—ਮਹਾਨ ਵਿਗਿਆਨੀ

[ਵਲੋਂ—ਸ: ਪ੍ਰੀਤਮ ਸਿੰਘ ਜੀ ਅਨਜਾਣ, ਜਲੰਧਰ]

ਆਮ ਤੌਰ ਤੇ ਸਾਹਿਤ ਨੂੰ ਵਿਗਿਆਨ ਨਾਲੋਂ ਨਿਖੇੜ ਕੇ ਪੇਸ਼ ਕੀਤਾ ਜਾਂਦਾ ਹੈ। ਕਾਫ਼ੀ ਹੱਦ ਤਕ ਇਹ ਹੈ ਵੀ ਠੀਕ। ਪਰ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਜਿਸ ਸਾਹਿਤ ਦੀ ਨੀਂਹ ਸਦਾਚਾਰਕ ਅਤੇ ਵਿਗਿਆਨਕ ਤੱਥਾਂ ਉੱਤੇ ਰਖੀ ਹੋਵੇ, ਉਹ ਚਿਰ-ਸਥਾਈ ਹੁੰਦਾ ਹੈ, ਸਗੋਂ ਉਹ ਸਦਾ ਲਈ ਅਮਰ ਹੁੰਦਾ ਹੈ। ਗੁਰੂ ਨਾਨਕ ਨਿਰੰਕਾਰੀ ਦਾ ਸਾਹਿਤ ਇਸ ਸ਼੍ਰੇਣੀ ਵਿਚ ਸ਼ਾਮਲ ਹੈ।

ਗੁਰੂ ਜੀ ਦੇ ਵਰਣਿਤ ਕੀਤੇ ਹੋਏ ਤੱਥ ਭੌਤਿਕ ਵਿਗਿਆਨ (Physics), ਰਸਾਇਣਕ ਵਿਗਿਆਨ (Chemistry), ਵਨਸਪਤਿ ਵਿਗਿਆਨ (Botany), ਸ਼ਰੀਰਕ ਵਿਗਿਆਨ (Physiology), ਖਗੋਲ ਵਿਗਿਆਨ (Astronomy), ਭੂਗੋਲ ਵਿਗਿਆਨ (Geography) ਅਤੇ ਸਾਗਰ ਵਿਗਿਆਨ (Oceanography) ਨਾਲ ਸੰਬੰਧ ਰਖਦੇ ਹਨ। ਅਤੇ ਇਸ ਸਾਰੀ ਖੋਜ-ਵਿਦਿਆ ਦਾ ਸੋਮਾ ਹੈ ਗੁਰਬਾਣੀ-ਸਾਹਿਤ। ਮੂਲ ਸਰੋਤ—'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।'

ਜੇ ਇਸ ਸਮੁੱਚੇ ਸਾਹਿਤ ਵਿਚੋਂ ਵਿਗਿਆਨਕ ਤੱਥਾਂ ਦਾ ਉਲੇਖ ਕਰਨਾ ਚਾਹੀਏ ਤਾਂ ਇਹ ਕਿਸੇ ਛੋਟੇ ਮੋਟੇ ਲੇਖ ਦਾ ਵਿਸ਼ਾ ਨਹੀਂ, ਸਗੋਂ ਵਡੇ ਆਕਾਰ ਵਾਲੀਆਂ ਕਈ ਪੁਸਤਕਾਂ ਦਾ ਵਿਸ਼ਾ ਹੈ। ਇਸ ਲੇਖ ਵਿਚ ਕੇਵਲ ਗੁਰੂ ਨਾਨਕ-ਬਾਣੀ ਵਿਚਲੇ ਕੁਝ ਕੁ ਤੱਤਾਂ ਨੂੰ ਵਰਨਣ ਕਰਕੇ ਇਹ ਸਿੱਧ ਕਰਨ ਦਾ ਯਤਨ ਹੈ ਕਿ—

**ਗੁਰੂ ਨਾਨਕ ਸਾਹਿਬ ਉਚ ਅਨਭਵੀ ਪੁਰਸ਼ ਹੋਣ ਦੇ ਨਾਲ ਨਾਲ ਇਕ ਮਹਾਨ ਵਿਗਿਆਨੀ ਵੀ ਸਨ।**

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਧਿਆਨ ਨਾਲ ਪੜ੍ਹਿਆਂ ਤੇ ਵਿਚਾਰਿਆਂ ਪਤਾ ਲਗਦਾ ਹੈ ਕਿ ਇਸ ਵਿਚ ਵਿਗਿਆਨ ਦੇ ਉਹ ਸਾਰੇ ਤੱਥ ਪਹਿਲਾਂ ਤੋਂ ਹੀ ਮੌਜੂਦ ਹਨ, ਜਿਹੜੇ ਨਵੀਨ ਵਿਗਿਆਨੀਆਂ ਨੇ ਹੁਣੇ-ਹੁਣੇ ਬੜੀ ਸਿਰ-ਖਪਾਈ ਪਿਛੋਂ ਕੁਝ ਲੱਭੇ ਹਨ ਅਤੇ ਕਈਆਂ ਨੂੰ ਲੱਭਣ ਲਈ ਅਜੇ ਯਤਨ ਕਰ ਰਹੇ ਹਨ।

ਅੱਜ ਦੀ ਵਿਗਿਆਨਕ ਸਭਿਅਤਾ ਦੇ ਮੁਕਾਬਲੇ ਤੇ ਜੇ ਗੁਰੂ ਜੀ ਦੇ ਸਮੇਂ ਦੀ ਪ੍ਰੰਪਰਾਗਤ ਸਭਿਅਤਾ ਨੂੰ ਸਾਹਮਣੇ ਰੱਖ ਕੇ ਦੇਖਿਆ ਜਾਏ ਤਾਂ ਸਾਇੰਸਦਾਨ-ਸ੍ਰੀ ਗੁਰੂ ਨਾਨਕ ਜੀ ਦੇ ਸਾਹਮਣੇ ਅਜੋਕੇ ਵਿਗਿਆਨੀ ਹੇਚ ਹਨ, ਕਿਉਂਕਿ ਅੱਜ ਦੇ ਸਮੇਂ ਕੋਈ ਨਵਾਂ ਤੱਥ ਲਭਣਾ ਇੰਨਾ ਮੁਸ਼ਕਿਲ ਨਹੀਂ, ਜਿੰਨਾ ਕਿ ਗੁਰੂ ਸਾਹਿਬ ਦੇ ਵਕਤ ਮੁਸ਼ਕਲ ਸੀ। ਪੰਦਰ੍ਹਵੀਂ ਸਦੀ ਦੇ ਹਾਲਾਤ ਅਜ ਤੋਂ ਵਿਪਰੀਤ ਸਨ, ਜਦ ਕਿ ਲੋਕਾਈ ਕਿਸੇ ਨਵੀਂ ਵਿਗਿਆਨਕ ਸੱਚਾਈ ਨੂੰ ਸੁਵੀਕਾਰ ਕਰਨ ਲਈ ਵੀ ਤਿਆਰ ਨਹੀਂ ਸੀ। ਮਿਸਾਲ ਵਜੋਂ ਧੌਲ ਦਾ ਅੰਧ-ਵਿਸ਼ਵਾਸ ਹੀ ਲੈ ਲਓ। ਕੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਕਿਸੇ ਸਿੱਧ ਕਰ ਕੇ ਦਿਖਾਇਆ ਕਿ ਇਹ ਧੌਲ ਕੀ ਹੈ, ਜਾਂ ਧਰਤੀ ਕਿਸ ਆਸਰੇ ਖੜੀ ਹੈ? ਹਰ ਹਾਲਤ ਵਿਚ ਇਹ ਕਹਿਣਾ ਤੇ ਮੰਨਣਾ ਪਵੇਗਾ ਕਿ—

**ਕੇਵਲ ਮਹਾਨ ਸਾਇੰਸਦਾਨ ਗੁਰੂ ਨਾਨਕ ਨਿਰੰਕਾਰੀ ਨੇ ਹੀ ਵਿਸ਼ਵ ਨੂੰ ਦਸਿਆ ਕਿ ਧਰਤੀ ਇਕ ਨਹੀਂ, ਸਗੋਂ ਅਨਗਿਣਤ ਧਰਤੀਆਂ ਹਨ, ਅਤੇ ਉਹ ਕਿਸੇ ਬਲਦ ਦੇ ਸਹਾਰੇ ਨਹੀਂ, ਸਗੋਂ ਵਾਹਿਗੁਰੂ ਜੀ ਦੇ ਹੁਕਮ ਵਿਚ ਕਾਇਮ ਹਨ।**



www.AKJ.Org

ਇਹ ਉਸ ਕਾਦਰ ਦਾ ਇਕ ਸਿਧਾਂਤ ਹੈ, ਜਿਸ ਵਿਚ ਅੱਗੋਂ ਕਈ ਉਪ-ਨਿਯਮ ਸ਼ਾਮਿਲ ਹਨ, ਜਿਵੇਂ—ਧਰਤ-ਖਿੱਚ, ਸੂਰਜ-ਖਿੱਚ, ਚੰਦਰਮਾ-ਖਿੱਚ ਆਦਿ। ਮਿਲਵੇਂ ਰੂਪ ਵਿਚ ਇਹ ਸਾਰੇ ਇਕ ਸਿਧਾਂਤ ਦਾ ਰੂਪ ਧਾਰਨ ਕਰ ਲੈਂਦੇ ਹਨ, ਜੋ ਕਿ ਅਕਾਲ ਪੁਰਖ ਨੇ ਦਇਆ-ਦ੍ਰਿਸ਼ਟੀ ਵਿਚ ਆ ਕੇ ਬਣਾਇਆ ਹੈ। ਇਹ ਕਾਨੂੰਨ ਆਦਿ ਜੁਗਾਦਿ ਤੋਂ ਇਸੇ ਤਰ੍ਹਾਂ ਕੰਮ ਕਰਦਾ ਚਲਾ ਆਉਂਦਾ ਹੈ ਅਤੇ ਬ੍ਰਹਿਮੰਡ ਦੇ ਸਾਰੇ ਗ੍ਰਹਿ ਉਸੇ ਸਬਰ ਸੰਤੋਖ ਵਿਚ ਬੱਝੇ, ਆਪਣੇ ਥਾਂ-ਸਿਰ-ਥਾਂ ਟਿਕੇ ਚਲੇ ਆਂਦੇ ਹਨ।

ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ (ਜਪੁਜੀ, ਪਉੜੀ ੧੬)

ਗੁਰੂ ਨਾਨਕ ਨਿਰੰਕਾਰੀ ਰੱਬੀ ਚਮਤਕਾਰਾਂ ਦੇ ਗੂੜ੍ਹੇ ਭੇਤੀ ਸਨ, ਤਾਹੀਓਂ ਤਾਂ ਉਹ ਫੁਰਮਾਂਦੇ ਹਨ ਕਿ ਜੇ ਕੋਈ ਇਸ ਸੱਚਾਈ ਤੋਂ ਇਨਕਾਰ ਕਰਦਾ ਹੈ ਤਾਂ ਫਿਰ ਧਰਤੀਆਂ ਤਾਂ ਬੇਅੰਤ ਹਨ, ਹੋਰ ਦੇ ਥਲੇ ਹੋਰ ਹੋਰ, ਜਿਨ੍ਹਾਂ ਦਾ ਕੋਈ ਅੰਤ ਨਹੀਂ। ਫਿਰ ਦਸੋ ਕਿ ਉਨ੍ਹਾਂ ਦੇ ਥੱਲੇ ਕਿਹੜੇ ਬਲਦ ਦਾ ਆਸਰਾ ਹੈ ?

'ਧੌਲ ਚੁਕੀ ਖੜੈ' ਤੋਂ ਸਪਸ਼ਟ ਹੈ ਕਿ ਉਹ ਕਿਸੇ ਹੋਰ ਸਤਹ ਉੱਪਰ ਖੜਾ ਹੈ। ਭਾਵ, ਧੌਲ ਦੇ ਥੱਲੇ ਹੋਰ ਵੀ ਧਰਤੀ ਦੀ ਹੋਂਦ ਹੈ। ਇਸ ਤੋਂ 'ਧਰਤੀ ਹੋਰੁ ਪਰੈ ਹੋਰੁ ਹੋਰੁ' ਦਾ ਸਿਧਾਂਤ ਸੱਚ ਸਾਬਤ ਹੋ ਜਾਂਦਾ ਹੈ। ਹੁਣ ਸਵਾਲ ਉਠਦਾ ਹੈ ਕਿ ਇਕ ਤੋਂ ਬਾਅਦ ਇਕ ਗਿਣਦਿਆਂ ਆਖ਼ਰੀ ਬਲਦ ਕਿਸ ਸਹਾਰੇ ਖੜਾ ਹੈ ? ਜੇ ਉਹ ਕਿਸੇ ਗੈਬੀ ਸ਼ਕਤੀ ਨਾਲ ਖਿਲਾਅ ਵਿਚ ਹੀ ਬਗੈਰ ਥੱਲੜੀ ਸਤਹ-ਹੋਂਦ ਦੇ ਖੜਾ ਹੈ, ਤਾਂ ਕੀ ਉਹ ਗੈਬੀ ਤਾਕਤ ਧੌਲ ਤੋਂ ਬਗੈਰ ਧਰਤੀ ਨੂੰ ਨਹੀਂ ਚੁਕ ਸਕਦੀ ? ਹਰ ਹਾਲਤ ਵਿਚ ਕਿਸੀ ਰੱਬੀ ਸ਼ਕਤੀ ਦੀ ਹੋਂਦ ਨੂੰ ਸਵੀਕਾਰ ਕਰਨਾ ਪਏਗਾ।

ਜੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਇਕ ਮਿੰਟ ਵਾਸਤੇ ਅੱਖੋਂ ਓਹਲੇ ਕਰ ਦਈਏ, ਤਾਂ ਕੀ ਇਸ ਗੱਲ ਦਾ ਕਿਸੇ ਕੋਲ ਕੋਈ ਜਵਾਬ ਹੈ ਕਿ ਸਾਨੂੰ ਆਕਾਸ਼ ਵਿਚ ਜਿਹੜੇ ਹੋਰ ਬੇਅੰਤ ਗ੍ਰਹਿ ਦਿਸਦੇ ਹਨ, ਉਹ ਕਿਸ ਆਸਰੇ ਖੜੇ ਹਨ ? ਠੀਕ ਇਸੇ ਤਰ੍ਹਾਂ ਇਨ੍ਹਾਂ ਸਤਰਾਂ ਦਾ ਜਵਾਬ ਵੀ ਕੋਈ ਹੀ ਦੇ ਸਕੇਗਾ—

ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ?
(ਜਪੁਜੀ, ਪਉੜੀ ੧੬)

ਕੇਵਲ ਜਪੁਜੀ ਵਿਚ ਹੀ ਕਿੰਨੇ ਨਵੀਨ ਵਿਗਿਆਨਕ ਤੱਥ ਦਰਸਾਏ ਮਿਲਦੇ ਹਨ ! ਕਈ ਥਾਈਂ ਤਾਂ ਗੁਰੂ ਜੀ ਨੇ ਨਵੀਨ ਵਿਗਿਆਨੀਆਂ ਨੂੰ ਚੁਨੌਤੀ ਵੀ ਦਿਤੀ ਹੈ—

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ (ਜਪੁਜੀ, ਪਉੜੀ ੨੨)
ਅਤੇ— ਕੇਤੀਆ ਖਾਣੀ, ਕੇਤੀਆ ਬਾਣੀ......॥ (ਜਪੁਜੀ, ਪਉੜੀ ੩੫)

ਜੇ ਮਨੁੱਖ ਨੇ ਹਾਲਾਂ ਇਹ ਤੱਥ ਨਹੀਂ ਲੱਭੇ ਤਾਂ ਇਸ ਦੀ ਵਿਗਿਆਨਕ ਜਾਣਕਾਰੀ ਅਜੇ ਅਧੂਰੀ ਹੈ।

**ਗੁਰੂ ਨਾਨਕ ਨਿਰੰਕਾਰੀ ਨੇ ਕਿਸੇ ਦੂਰਬੀਨ, ਭਾਵ, ਖੋਜਾਂ ਤੋਂ ਬਿਨਾਂ ਅਜਿਹੇ ਤੱਥ ਪਰਗਟ ਕੀਤੇ ਹਨ, ਜਿਨ੍ਹਾਂ ਤਕ ਅਜੋਕੇ ਸਾਇੰਸਦਾਨ ਅਜ ਤਕ ਵੀ ਨਹੀਂ ਅਪੜ ਸਕੇ।**

ਕੇਤੀਆ ਕਰਮ ਭੂਮੀ, ਮੇਰ ਕੇਤੇ, ਕੇਤੇ ਧੂ ਉਪਦੇਸ ॥੩੫॥ (ਜਪੁਜੀ)

'ਕੇਤੇ ਧੂ' ਦਰਸਾਉਣ ਵਾਲਾ ਕੀ ਵਿਗਿਆਨ ਤੋਂ ਕੋਰਾ ਸੀ ?



www.AKJ.Org

ਉਹ ਫਿਰ ਜਣਾਂਦੇ ਹਨ–

ਕੇਤੇ ਇੰਦ ਚੰਦ, ਸੂਰ ਕੇਤੇ, ਕੇਤੇ ਮੰਡਲ ਦੇਸ ॥੩੫॥ (ਜਪੁ)

ਤਾਜ਼ੀ ਖੋਜ ਮੁਤਾਬਿਕ ਸਾਇੰਸਦਾਨਾਂ ਨੇ ਗੁਰੂ ਜੀ ਦੇ ਇਸ ਸਿਧਾਂਤ ਨੂੰ ਸਵੀਕਾਰ ਕਰ ਲਿਆ ਹੈ ਕਿ 'ਸੂਰਜ' ਕਈ ਹਨ। ਕਿਉਂਕਿ ਕਈ ਗ੍ਰਹਿ ਅਜਿਹੇ ਲੱਭੇ ਹਨ ਜੋ ਇਸ ਦਿਸਦੇ ਸੂਰਜ ਦੇ ਦੁਆਲੇ ਨਹੀਂ, ਸਗੋਂ ਕਿਸੇ ਹੋਰ ਦੇ ਦੁਆਲੇ ਘੁੰਮ ਰਹੇ ਹਨ। ਜੇ ਸੂਰਜ ਅਨੇਕ ਹਨ ਤਾਂ ਚੰਦਰਮਾ ਅਤੇ ਤਾਰਾ-ਮੰਡਲ ਵੀ ਅਨੇਕ ਹੋਣ ਵਿਚ ਕੋਈ ਸ਼ਕ ਨਹੀਂ ਰਹਿ ਜਾਂਦਾ।

ਬੁੱਧੀ ਦੀ ਮਾਰ ਨੇ (ਸ਼ਕਤੀ ਨੇ) ਇਹ ਅਸਲੀਅਤ ਪੇਸ਼ ਕਰ ਦਿੱਤੀ ਹੈ ਕਿ ਸਾਰਾ ਸੂਰਜ-ਮੰਡਲ ਕਿਸੇ ਨਿਸਚਿਤ ਰੂਪ ਵਿਚ ਸਦਾ ਚਲਦਾ ਹੀ ਰਹਿੰਦਾ ਹੈ। ਧਰਤੀ ਸੂਰਜ ਦੁਆਲੇ ਚੱਕਰ ਕੱਟਦੀ ਹੈ ਤੇ ਚੰਨ ਧਰਤੀ ਦੁਆਲੇ। ਇਹ ਵੀ ਸਿਧ ਹੋ ਚੁਕਾ ਹੈ ਕਿ ਸੂਰਜ ਵੀ ਸਥਿਰ (Stationary) ਨਹੀਂ ਹੈ।

**ਮਹਾਨ ਵਿਗਿਆਨੀ ਗੁਰੂ ਨਾਨਕ ਨਿਰੰਕਾਰੀ ਨੇ ਇਹ ਸੱਚਾਈ ਪਰਗਟ ਕਰ ਦਿਤੀ ਹੈ ਕਿ ਵਾਹਿਗੁਰੂ ਜੀ ਤੋਂ ਬਿਨਾਂ ਕੋਈ ਵੀ ਸਥਿਰ ਨਹੀਂ ਹੈ। ਗੁਰਵਾਕ–**

ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥
ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥੭॥
ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥੮॥੧੭॥ (ਸਿਰੀ ਰਾਗੁ ਮ: ੧, ਪੰਨਾ ੬੪)

ਇਥੇ ਹੀ ਬੱਸ ਨਹੀਂ, ਗੁਰੂ ਜੀ ਇਕ ਹੋਰ ਨੁਕਤਾ ਸਪਸ਼ਟ ਕਰਦੇ ਹਨ ਕਿ ਇਹ ਸਭ ਚਲਾਇਮਾਨ ਗ੍ਰਹਿ ਚਲਦੇ ਤਾਂ ਹਨ, ਪਰ ਇਨ੍ਹਾਂ ਸਭਨਾਂ ਵਿਚ ਆਪੋ-ਧਾਪੀ ਨਹੀਂ। ਸਾਰਾ ਬ੍ਰਹਿਮੰਡ ਨਿਯਮਕ ਤੇ ਹੁਕਮ ਵਿਚ ਚਲ ਰਿਹਾ ਹੈ। ਬ੍ਰਹਿਮੰਡ ਦਾ ਸਾਰਾ ਪਸਾਰਾ ਕਾਨੂੰਨ-ਬੱਧ ਹੈ। ਕਨੂੰਨ-ਬੱਧ ਤੋਂ ਭਾਵ, ਭੈ ਜਾਂ ਡਰ ਵਿਚ ਰਹਿ ਕੇ, ਅਥਵਾ ਅਨੁਸਾਰੀ ਹੋ ਕੇ ਚੱਲਣ ਤੋਂ ਹੈ। ਇਹ ਭੈ ਵੀ ਉਸੇ ਅਟੱਲ ਨਿਯਮ ਦਾ ਹੀ ਭਾਗ ਹੈ। ਇਹੀ ਤਾਂ ਕਰਤੇ ਦੀ ਸਿਰਮੋਰ ਸਿਫ਼ਤ ਹੈ ਕਿ 'ਉਸ ਦਾ' ਆਪਣੇ ਵਲੋਂ ਪੈਦਾ ਕੀਤੀ ਹਰ ਵਸਤ ਉੱਪਰ ਕਾਬੂ ਹੈ। ਕਿਰਤਮ ਮਨੁੱਖ ਦੀ ਅਲਪਗ ਬੁਧੀ ਅਨੁਸਾਰ ਬਣਾਈ ਵਸਤੂ ਤਾਂ ਮਨੁੱਖ ਦੇ ਬੇਕਾਬੂ ਹੋ ਸਕਦੀ ਹੈ, ਪਰ ਕਰਤੇ ਪੁਰਖ ਦੀ ਕੁਦਰਤ ਅਨੁਸਾਰ ਰਚੀ ਹਰ ਚੀਜ਼ ਉਸ ਦੇ ਭੈ ਵਿਚ ਵਿਚਰਦੀ ਰਹੀ, ਵਿਚਰ ਰਹੀ ਹੈ ਅਤੇ ਵਿਚਰਦੀ ਰਹੇਗੀ–

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥੧॥੪॥ (ਵਾਰ ਆਸਾ)

ਅਥਵਾ–ਭੈ ਵਿਚਿ ਆਡਾਣੇ ਆਕਾਸ ॥੧॥੪॥ (ਵਾਰ ਆਸਾ)

ਜਿਥੇ ਇਹ ਸਾਰੇ ਗ੍ਰਹਿ ਭੈ ਵਿਚ ਨਿਸਚਿਤ ਮਾਰਗਾਂ ਉਤੇ ਚਲਦੇ ਹਨ, ਉੱਥੇ ਉਨ੍ਹਾਂ ਦੇ ਆਪਸੀ ਸੰਬੰਧ ਵੀ ਉਸੇ ਭੈ ਤੋਂ ਉਤਪੰਨ ਹੁੰਦੇ ਹਨ। ਇਸੇ ਰਿਸ਼ਤੇ (relationship) ਕਾਰਨ ਉਹ ਇਕ ਦੂਜੇ ਤੋਂ ਰੌਸ਼ਨੀ, ਗਰਮੀ ਲੈਂਦੇ-ਦਿੰਦੇ ਰਹਿੰਦੇ ਹਨ। ਉਦਾਹਰਣ ਵਜੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਗਿਆਨਕ ਸੂਝ ਇਨ੍ਹਾਂ ਪੰਗਤੀਆਂ ਤੋਂ ਫਿਰ ਵੇਖੀ ਜਾ ਸਕਦੀ ਹੈ, ਜਦ ਉਹ ਕਹਿੰਦੇ ਹਨ–

ਪਸਰੀ ਕਿਰਣਿ, ਰਸਿ ਕਮਲ ਬਿਗਾਸੇ,
ਸਸਿ ਘਰਿ ਸੂਰੁ ਸਮਾਇਆ ॥੩॥੧੫॥ (ਪ੍ਰਭਾਤੀ ਮ: ੧, ਪੰਨਾ ੧੩੩੨)

ਖ਼ੁਗੋਲ ਵਿਗਿਆਨ (Astronomy) and ਬਨਸਪਤੀ ਵਿਗਿਆਨ (Phytology) ਦੋਹਾਂ


www.AKJ.Org

ਤਰ੍ਹਾਂ ਦੇ ਵਿਗਿਆਨਕ ਤੱਥਾਂ ਨੂੰ ਇਕ ਹੀ ਤੁਕ ਵਿਚ ਪੇਸ਼ ...
ਸਦੀ ਬਨਸਪਤਿ ਦਾ ਖਿੜਾਅ ਸੂਰਜੀ ਕਿਰਨਾਂ ਨਾਲ ਹੀ ਹੈ।

ਤੁਕ ਦੇ ਪਿਛਲੇ ਅਧ ਵਿਚ ਦੇਖੋ ਕੈਸੀ ਵਿਗਿਆਨਕ ਸੱਚਾਈ ਮੌਜੂਦ ਹੈ! ਚੰਦਰਮਾ ਦੀ ਆਪਣੀ ਕੋਈ ਰੌਸ਼ਨੀ ਨਹੀਂ, ਸਗੋਂ ਸੂਰਜੀ ਕਿਰਨਾਂ ਦਾ ਚੰਦਰਮਾ ਦੇ ਤਲ ਤੇ ਪਰਛਾਵਾਂ ਹੈ, ਜੋ ਸਾਨੂੰ ਚੰਨ (ਸਸਿ) ਚਮਕਦਾ ਤੇ ਰੌਸ਼ਨੀ ਖਿਲਾਰਦਾ ਨਜ਼ਰ ਆਉਂਦਾ ਹੈ।

ਨਵੀਨ ਵਿਗਿਆਨ ਦੇ ਡੂੰਘੇ ਅਧਿਐਨ ਤੋਂ ਇਕ ਹੋਰ ਗੱਲ ਇਹ ਸਪਸ਼ਟ ਹੁੰਦੀ ਹੈ ਕਿ ਬ੍ਰਹਿਮੰਡ ਦੇ ਸਮੁੱਚੇ ਗ੍ਰਹਿਆਂ ਦੀ ਪ੍ਰਸਪਰ ਰਗੜ ਅਤੇ ਟਕਰਾਅ ਤੋਂ ਜਿਥੇ ਕਈ ਪ੍ਰਕਾਰ ਦੀਆਂ ਸ਼ਕਤੀਆਂ ਉਤਪੰਨ (Generate) ਹੁੰਦੀਆਂ ਹਨ, ਉਥੇ ਇਨ੍ਹਾਂ ਦੇ ਚਲਣ ਘਸਣ ਨਾਲ ਖ਼ਤਮ ਵੀ ਹੁੰਦੀਆਂ ਹਨ। ਇਸ ਲਈ ਸਮੁੱਚੀ ਕਿਰਿਆ ਇਕਸਾਰ ਹੀ ਰਹਿੰਦੀ ਹੈ। ਸਾਡੇ ਰੋਜ਼ਾਨਾ ਜੀਵਨ ਵਿਚ ਆਕਸੀਜਨ-ਚੱਕਰ (Oxygen-Cycle) ਅਤੇ ਜੱਲ-ਚੱਕਰ (Water-Cycle) ਦੀਆਂ ਉਦਾਹਰਣਾਂ ਇਸ ਤੱਥ ਨੂੰ ਹੋਰ ਵੀ ਸਪਸ਼ਟ ਕਰਦੀਆਂ ਹਨ। ਗੁਰੂ ਨਾਨਕ ਨਿਰੰਕਾਰੀ ਅਨੁਸਾਰ ਸਿਰਜਨਹਾਰ ਨੇ ਬ੍ਰਹਿਮੰਡ ਰਚ ਕੇ ਅਨੇਕਾਂ ਹੀ ਮੰਡਲ ਸਿਰਜੇ ਹਨ, ਜਿਨ੍ਹਾਂ ਦੀ ਸਮੁੱਚੀ ਨਿਗਰਾਨੀ ਉਹ ਆਪ ਕਰਦਾ ਹੈ। ਪਰ ਉਨ੍ਹਾਂ ਵਿਚ ਨਵੀਂ ਸ਼ਕਤੀ ਭਰਨ ਦੀ ਬਾਰ ਬਾਹ ਲੋੜ ਨਹੀਂ ਪੈਂਦੀ। ਜੋ ਸ਼ਕਤੀ ਭਰਨੀ ਸੀ, ਇਕੋ ਵਾਰ ਹੀ ਭਰ ਦਿੱਤੀ–

ਆਸਣੁ ਲੋਇ ਲੋਇ ਭੰਡਾਰ ॥
ਜੋ ਕਿਛੁ ਪਾਇਆ ਸੁ ਏਕਾ ਵਾਰ ॥੩੧॥ (ਜਪੁਜੀ)

ਅਥਵਾ–ਕੀਤਾ ਪਸਾਉ ਏਕੋ ਕਵਾਉ ॥੧੬॥ (ਜਪੁਜੀ)

ਕੁਛ ਸਮੇਂ ਤੋਂ ਵਿਗਿਆਨੀਆਂ ਵਲੋਂ ਇਸ ਸਿਧਾਂਤ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਕੁਦਰਤ ਦੇ ਸਭ ਗ੍ਰਹਿਆਂ ਦੀ ਗਰਮੀ ਹੌਲੀ ਹੌਲੀ ਘਟਦੀ ਜਾਂਦੀ ਹੈ, ਕਿਉਂ ਜੁ ਸੂਰਜ ਦੀ ਤਪਸ਼ ਵੀ ਮੱਧਮ ਪੈਂਦੀ ਜਾ ਰਹੀ ਹੈ। ਸੋ ਉਨ੍ਹਾਂ ਨੇ ਆਪਣੇ ਅਨੁਮਾਨਿਤ ਅੰਕੜਿਆਂ ਮੁਤਾਬਿਕ ਇਹ ਕਹਿ ਦਿਤਾ ਹੈ ਕਿ ਅਰਬਾਂ ਸਦੀਆਂ ਮਗਰੋਂ ਇਹ ਸ੍ਰਿਸ਼ਟੀ ਖ਼ਤਮ ਹੋ ਜਾਵੇਗੀ ਅਤੇ ਸਾਰਾ ਬ੍ਰਹਿਮੰਡ ਯਖ ਹੋ ਜਾਇਗਾ।

ਹੁਣ ਇਸ ਸਿਧਾਂਤ (Theory) ਨੂੰ ਗੁਰੂ ਨਾਨਕ ਦੇਵ ਜੀ ਦੀ ਦਰਸਾਈ ਥਿਊਰੀ ਦੇ ਸਾਹਮਣੇ ਰੱਖ ਕੇ ਪਰਖਿਆ ਜਾਏ ਤਾਂ ਇਹ ਗਲਤ ਸਿੱਧ ਹੁੰਦਾ ਹੈ। ਜੇ ਇਹ ਸਿਧਾਂਤ ਮੰਨ ਲਈਏ ਤਾਂ ਇਸ ਦਾ ਮਤਲਬ ਹੈ ਕਿ ਵਾਹਿਗੁਰੂ ਜੀ ਨੂੰ ਬ੍ਰਹਿਮੰਡੀ ਸ਼ਕਤੀ ਵਿਚ ਕੁਝ ਹੋਰ ਨਵਾਂ ਵਾਧਾ ਕਰਨਾ ਪਏਗਾ।

ਪਰੰਤੂ 'ਜੋ ਕਿਛੁ ਪਾਇਆ ਸੁ ਏਕਾ ਵਾਰ' ਵਾਲੇ ਸਿਧਾਂਤ ਅਨੁਸਾਰ ਸਾਇੰਸਦਾਨਾਂ ਦਾ ਇਹ ਡਰ ਨਿਰਮੂਲ ਹੈ।

ਅੱਜ ਦੀ ਤਾਜ਼ਾ ਖੋਜ ਮੁਤਾਬਿਕ ਅਮਰੀਕਨ ਵਿਗਿਆਨੀਆਂ ਨੇ (ਭਾਰਤੀ ਵਿਗਿਆਨੀਆਂ ਨੇ ਵੀ ਇਹ ਤਜਰਬੇ ਕਰ ਕੇ ਦੇਖੇ ਹਨ) ਇਹ ਤੱਥ ਸਪਸ਼ਟ ਕਰ ਦਿੱਤਾ ਹੈ ਕਿ ਸਮੇਂ ਦੇ ਚੱਕਰ ਵਿਚ ਕਈ ਸਦੀਆਂ ਅਜਿਹੀਆਂ ਆਉਂਦੀਆਂ ਹਨ, ਜਿਨ੍ਹਾਂ ਵਿਚ ਸੂਰਜ ਦੀ ਗਰਮੀ ਘਾਟੇ ਵਲ ਜਾਂਦੀ ਹੈ, ਪਰ ਕਈ ਸਦੀਆਂ ਅਜਿਹੀਆਂ ਹੁੰਦੀਆਂ ਹਨ, ਜਦੋਂ ਇਹ ਵਾਧੇ ਵਲ ਹੁੰਦੀ ਹੈ। ਇਸ ਤਰ੍ਹਾਂ ਬ੍ਰਹਿਮੰਡ ਦੀ ਗਰਮੀ ਉਥੇ ਦੀ ਉਥੇ ਹੀ ਰਹਿੰਦੀ ਹੈ। ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਗਟਾਇਆ ਸਿਧਾਂਤ ਅਨੰਤ ਕਾਲ ਤਕ ਠੀਕ ਸਾਬਤ ਹੁੰਦਾ ਰਹੇਗਾ।

ਇਥੇ ਇਸ ਸਚਾਈ ਨੂੰ ਨਜ਼ਰ-ਅੰਦਾਜ਼ ਕਰਨਾ ਮਹਾਨ ਭੁੱਲ ਹੋਵੇਗੀ ਕਿ ਕਾਦਰ ਦਾ ਰਚਿਤ ਤ੍ਰੈ-ਗੁਣੀ ਪਸਾਰਾ ਤਾਂ ਕਾਲ ਕਾ ਤਮਾਸ਼ਾ ਹੀ ਹੈ, ਪਰ ਜਿੰਨੀ ਦੇਰ ਤਕ ਵੀ 'ਉਸ ਦੇ' ਹੁਕਮ ਵਿਚ ਇਹ ਪਸਾਰਾ


www.AKJ.Org

ਪਸਰਿਆ ਹੋਇਆ ਹੈ, ਉਦੋਂ ਤਕ ਇਸ ਵਿਚ ਕੋਈ ਵਾਧਾ ਘਾਟਾ ਨਹੀਂ ਹੋ ਸਕਦਾ। ਇਸ ਵਿਚ ਜੋ ਸਮਗਰੀ ਪੈਣੀ ਸੀ, ਇਕ ਵਾਰ ਹੀ ਪੈ ਗਈ। ਹਾਂ, ਸਮੇਂ-ਸਮੇਂ, ਜਦ ਤਕ ਪਸਾਰਾ ਹੈ, ਬ੍ਰਹਿਮੰਡ ਦੇ ਸਰੂਪ ਵਿਚ ਤਬਦੀਲੀ ਆ ਸਕਦੀ ਹੈ। ਠੀਕ ਉਸ ਸਮੇਂ ਤਕ ਇਸ ਬ੍ਰਹਿਮੰਡ ਵਿਚ ਪਾਈਆਂ ਵਸਤਾਂ ਦੇ ਮੂਲ ਤਤ੍ਵ ਵਿਚ ਘਾਟ ਵਾਧ ਨਹੀਂ ਹੋ ਸਕਦੀ, ਜਦ ਤਕ ਕਿ ਇਸ ਦਾ ਰਚੇਤਾ ਖ਼ੁਦ ਇਸ ਨੂੰ 'ਆਕਰਖ' ਨਹੀਂ ਕਰਦਾ (ਸਮੇਟਦਾ ਨਹੀਂ)।

ਤੇ 'ਉਦਕਰਖ' (ਵਿਸਥਾਰ, ਫੈਲਾਉ) ਅਵਸਥਾ ਵਿਚ ਇਸ ਸਮੁੱਚੀ ਸ੍ਰਿਸ਼ਟੀ ਦਾ ਪਸਾਰਾ ਵੀ ਸ੍ਰੀ ਗੁਰੂ ਨਾਨਕ ਜੀ ਅਨੁਸਾਰ ਕਿਸੇ ਖਾਸ ਵਿਗਿਆਨਿਕ ਸਿਧਾਂਤ ਉਪਰ ਅਧਾਰਿਤ ਹੈ। ਪਲ-ਪਲ, ਬ੍ਰਹਿਮੰਡ ਦੇ ਜ਼ੱਰੇ ਜ਼ੱਰੇ ਵਿਚ ਹੋਣ ਵਾਲੀ ਤਬਦੀਲੀ, ਹਰ ਤਰ੍ਹਾਂ ਦਾ ਭੰਨਣ ਘੜਨ, ਜਪੁਜੀ ਸਾਹਿਬ ਵਿਚ ਅੰਕਿਤ ਇਸ ਵਿਚਾਰ ਉਤੇ ਆਧਾਰਿਤ ਹੈ—

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ.....੨੯ ॥ (ਜਪੁਜੀ)

ਰਚੀ ਹੋਈ ਸ੍ਰਿਸ਼ਟੀ ਦੇ ਕਿਸੇ ਵੀ ਚੇਤੰਨ (Animate) ਜਾਂ ਜੜ੍ਹ (in-animate) ਦੀ ਉਦਾਹਰਣ ਲੈ ਲਓ, ਮੂਲ ਤਤ੍ਵ ਦੇ ਜੋੜ ਤੋੜ (ਸੰਜੋਗ ਵਿਜੋਗ) ਨਾਲ ਹੀ ਹਰ ਚੀਜ਼ ਪੈਦਾ ਹੁੰਦੀ ਹੈ ਤੇ ਨਾਸ਼ ਹੁੰਦੀ ਹੈ। ਮੂਲ ਤਤ੍ਵ ਨਾਸ਼ ਨਹੀਂ ਹੁੰਦੇ, ਸਗੋਂ 'ਸੰਜੋਗ' ਵਿਧੀ ਵਿਚ ਪੈਦਾ ਹੋਈ ਸੂਰਤ ਖ਼ਤਮ ਹੋ ਜਾਂਦੀ ਹੈ। ਜੇ ਇਹ ਮੰਨ ਲਿਆ ਜਾਵੇ ਕਿ ਇਨ੍ਹਾਂ ਦੋ (ਤ੍ਰੈ-ਅੱਖਰੀ) ਸ਼ਬਦਾਂ ਵਿਚ ਗੁਰੂ ਨਾਨਕ ਜੀ ਨੇ ਸਮੁੱਚੀ ਸਾਇੰਸ ਬੰਦ ਕਰ ਕੇ ਰਖ ਦਿਤੀ ਹੈ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭੌਤਿਕ ਵਿਦਿਆ ਵਿਚ ਇਹ ਅਨਭਵ ਸੰਪੂਰਨ ਪਰਗਟ ਹੁੰਦਾ ਹੈ, ਜਦ ਉਹ ਸ੍ਰਿਸ਼ਟੀ ਦਾ ਮੂਲ-ਪੰਜ ਤੱਤ ਵਰਨਣ ਕਰਦੇ ਹਨ—

ਪੰਚ ਭੂ ਨਾਇਕੋ ਆਪਿ ਸਿਰੰਦਾ
ਜਿਨਿ ਸਚ ਕਾ ਪਿੰਡੁ ਸਵਾਰਿਆ ॥੩॥ (ਸੂਹੀ ਮ: ੧, ਪੰਨਾ ੭੬੬)

ਅਥਵਾ ਰਚਨਾ ਦੀ ਵਿਧੀ ਇਸ ਤਰ੍ਹਾਂ ਦਰਸਾਈ ਹੈ—

ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥੩॥੧੫॥
(ਸਿਰੀ ਰਾਗੁ ਮ: ੧, ਪੰਨਾ ੧੯)

ਪਉਣੁ ਉਪਾਇ ਧਰੀ ਸਭ ਧਰਤੀ
ਜਲ ਅਗਨੀ ਕਾ ਬੰਧੁ ਕੀਆ ॥੧॥੭॥ (ਆਸਾ ਮ: ੧, ਪੰਨਾ ੩੫੦)

ਇਸ ਸਭ ਪ੍ਰਕਾਰ ਦੀ ਸ੍ਰਿਸ਼ਟੀ-ਰਚਨਾ, ਰਚਨਾ-ਵਿਧੀ ਅਤੇ ਰਚਨਾ-ਮੂਲ ਤਤ੍ਵ ਨੂੰ ਪ੍ਰਗਟਾਉਣ ਦੇ ਨਾਲ ਨਾਲ ਸ੍ਰੀ ਗੁਰੂ ਨਾਨਕ ਜੀ ਦੀ ਬਾਣੀ ਇਕ ਨਵੀਂ ਵਿਗਿਆਨਕ ਲੀਹ ਵੀ ਦਰਸਾਉਂਦੀ ਹੈ। ਅੱਜ ਦੀ ਸਾਇੰਸ ਦੋ ਪਹਿਲੂਆਂ ਤੋਂ ਨਤੀਜੇ ਕੱਢ ਕੇ ਲੁਕਾਈ ਸਾਹਮਣੇ ਰੱਖਦੀ ਹੈ। ਪਹਿਲਾਂ ਤਾਂ ਇਹ ਕਿ ਫਲਾਣੀ ਫਲਾਂਣੀ ਵਸਤ ਦੇ ਸੰਜੋਗ ਨਾਲ ਫਲਾਣੀ ਚੀਜ਼ ਪੈਦਾ ਹੁੰਦੀ ਜਾਂ ਹੋਂਦ ਵਿਚ ਆਉਂਦੀ ਹੈ। ਇਸ ਸਭ ਕੁਝ ਨੂੰ ਵਿਗਿਆਨੀ ਉਸ ਵਕਤ ਤਕ ਸਵੀਕਾਰ ਨਹੀਂ ਕਰਦਾ, ਜਦ ਤਕ ਉਸ ਸਿਧਾਂਤਕ ਨਤੀਜੇ ਨੂੰ ਜਾਂ ਸਿਧਾਂਤ-ਫਲ ਨੂੰ ਸਹੀ ਰੂਪ ਵਿਚ ਆਪਣੀਆਂ ਸਥੂਲ ਅੱਖਾਂ ਸਾਹਮਣੇ ਦੇਖ ਪਰਖ ਨਾ ਲਏ। ਇਨ੍ਹਾਂ ਸਥੂਲ ਅੱਖੀਆਂ ਸਾਹਮਣੇ ਪਜ਼ੀਰ ਹੋ ਰਹੀਆਂ ਵਸਤਾਂ ਤੋਂ ਬਿਨਾਂ ਉਸ ਦੇ ਭਾਣੇ, ਹੋਰ ਕੁਝ ਦੀ ਹੋਂਦ ਅਸੰਭਵ ਹੈ। ਤਦ ਉਹ ਨਿਖੇਧਾਤਮਕ ਤੌਰ ਤੇ ਇਹ ਕਹਿੰਦਾ ਹੈ ਕਿ ਆਹ ਚੀਜ਼ ਇਸ-ਇਸ ਤਰ੍ਹਾਂ ਦੇ ਫ਼ਾਰਮੂਲੇ ਨਾਲ ਬਣ ਸਕਦੀ ਹੈ ਤੇ ਆਹ ਬਣ ਹੀ ਨਹੀਂ ਸਕਦੀ, ਇਸ ਤਰ੍ਹਾਂ ਹੋ ਹੀ ਨਹੀਂ ਸਕਦਾ,


www.AKJ.Org

ਆਦਿ। ਇਸ ਦੇ ਨਾਲ ਹੀ ਇਕ ਹੋਰ ਹੈਰਾਨੀ ਵਾਲੀ ਗੱਲ ਹੈ ਕਿ ਅੱਜ ਦਾ ਵਿਗਿਆਨੀ ਮੂਲ ਤਤ੍ਵ ਦੇ ਬਹੁ-ਪ੍ਰਕਾਰੀ ਸੰਜੋਗ ਵਿਜੋਗ ਨਾਲ ਨਵੀਆਂ ਨਵੀਆਂ ਚੀਜ਼ਾਂ ਪੈਦਾ ਕਰਨੀਆਂ ਤਾਂ ਜਾਣਦਾ ਹੈ, ਪਰ ਹਾਲੇ ਤਕ ਇਹ ਨਹੀਂ ਜਾਣ ਸਕਿਆ ਕਿ ਇਹ ਮੂਲ ਤਤ੍ਵ ਕਿਥੋਂ ਤੇ ਕਦੋਂ ਪੈਦਾ ਹੋਏ ?

ਹੁਣ ਵਿਗਿਆਨੀਆਂ ਦੀ ਇਸੇ ਖੋਜ ਦੇ ਉਤਰ ਵਿਚ ਗੁਰੂ ਨਾਨਕ ਨਿਰੰਕਾਰੀ ਨਿਖੇਧਾਤਮਕ ਬਿਰਤੀ ਵਾਲਾ ਵਿਗਿਆਨਕ ਸਿਧਾਂਤ ਪੇਸ਼ ਕਰਦੇ ਹਨ। ਅੱਜ ਤੋਂ ਪੰਜ ਸਦੀਆਂ ਪਹਿਲਾਂ ਹੀ ਉਨ੍ਹਾਂ ਨੇ ਸਾਇੰਸਦਾਨਾਂ ਨੂੰ ਚਨੌਤੀ ਦਿਤੀ ਕਿ—ਲੱਖ ਯਤਨ ਕਰ ਲਓ, ਇਸ ਪਸਾਰੇ ਦਾ ਆਦਿ ਅੰਤ ਲਭ ਸਕਣਾ ਅਸੰਭਵ, ਅਤਿ ਅਸੰਭਵ ਹੈ। ਇਸ ਬਾਰੇ ਵੀ ਪਤਾ ਨਹੀਂ ਲਾਇਆ ਜਾ ਸਕਦਾ ਕਿ ਇਸ ਰਚਨਾ ਦਾ ਪ੍ਰਾਰੰਭ ਕਦੋਂ ਹੋਇਆ ?—

ਕਵਣੁ ਸੁ ਵੇਲਾ ? ਵਖਤੁ ਕਵਣੁ ? ਕਵਣ ਥਿਤਿ ? ਕਵਣੁ ਵਾਰੁ ?
ਕਵਣਿ ਸਿ ਰੁਤੀ ? ਮਾਹੁ ਕਵਣੁ ? ਜਿਤੁ ਹੋਆ ਆਕਾਰੁ ? ੨੧॥ (ਜਪੁਜੀ)

ਪਰ– ਅੰਤ ਕਾਰਣਿ ਕੇਤੇ ਬਿਲਲਾਹਿ ॥
ਤਾ ਕੇ ਅੰਤ ਨ ਪਾਏ ਜਾਹਿ ॥੨੩॥

ਅਥਵਾ—ਏਹੁ ਅੰਤੁ ਨ ਜਾਣੈ ਕੋਇ ...੨੩॥ (ਜਪੁਜੀ)

ਅੱਜ ਦਾ ਵਿਗਿਆਨੀ ਅੰਕੜੇ ਲਾ-ਲਾ, ਗਿਣਤੀਆਂ ਮਿਣਤੀਆਂ ਕਰ-ਕਰ ਥੱਕ ਚੁਕਾ ਹੈ, ਪਰ ਇਕੋ ਇਸ ਧਰਤਿ-ਗ੍ਰਹਿ ਦੀ ਉਤਪਤੀ ਦੇ ਆਰੰਭ-ਕਾਲ ਦਾ ਭੇਦ ਨਹੀਂ ਪਾ ਸਕਿਆ।

ਇਹ ਸਿਰਫ ਅਜੋਕੇ ਮਨੁੱਖ ਦੀ ਹੀ ਭਟਕਣਾ ਨਹੀਂ, ਸਗੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੇ, ਬਲਕਿ ਕਲਜੁਗ ਤੋਂ ਪਹਿਲੇ ਯੁਗਾਂ ਵਿਚ ਵੀ ਇਸ ਪਾਸੇ ਵਲ ਖੋਜ ਦੀਆਂ ਦੌੜਾਂ ਲਗਦੀਆਂ ਰਹੀਆਂ ਹਨ, ਪਰ ਨਤੀਜਾ ਹਾਲੇ ਤਕ—

ਅੰਤ ਕਾਰਣਿ ਕੇਤੇ ਬਿਲਲਾਹਿ......੨੩॥ (ਜਪੁਜੀ)

ਵਾਲਾ ਹੀ ਹੈ। ਇਸੇ ਤਰ੍ਹਾਂ ਬਿਲਲਾਉਂਦੇ-ਬਿਲਲਾਉਂਦੇ ਕਈ ਖਪ ਗਏ ਅਤੇ ਅਣਗਿਣਤ ਹੀ ਹੋਰ ਖੱਪ ਜਾਣਗੇ, ਪਰ ਅਕਾਲ ਪੁਰਖ ਰਚਿਤ ਪਸਾਰੇ ਦਾ ਆਦਿ ਅੰਤ ਲੱਭ ਸਕਣਾ ਅਸੰਭਵ ਹੀ ਰਹੇਗਾ। ਕੀ ਇਹ ਵਿਗਿਆਨਕ ਸੱਚਾਈ ਨਹੀਂ ? ਇਹ ਵੀ ਇਕ ਸਿਧਾਂਤ ਤੋਂ ਮੁਨਕਰ ਹੋਣਾ ਹੈ ਕਿ ਇਹ ਇਸ ਤਰ੍ਹਾਂ ਹੋ ਹੀ ਨਹੀਂ ਸਕਦਾ ! ਬੇਸ਼ਕ ਪਰਖ-ਪਰਤਾ ਕੇ ਦੇਖ ਲਓ। ਭੂਤ ਅਤੇ ਵਰਤਮਾਨ ਦੇ ਕਮਾਏ-ਪਰਖੇ ਤਜਰਬਿਆਂ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ—

ਵੇਲ ਨ ਪਾਈਆ ਪੰਡਤੀ, ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ...॥੨੧॥ (ਜਪੁਜੀ)

ਗੁਰੂ ਨਾਨਕ ਪਾਤਸ਼ਾਹ ਨੇ ਸਿੱਟਾ ਕਢੇ ਬਿਨਾਂ ਗੱਲ ਵਿਚ-ਵਿਚਾਲੇ ਨਹੀਂ ਛੱਡੀ, ਸਗੋਂ ਇਹ ਵੀ ਸਚਾਈ ਸਾਹਮਣੇ ਰਖ ਦਿੱਤੀ ਹੈ ਕਿ ਆਖ਼ਰ ਜੇ ਕੋਈ ਵੀ ਅੰਤ ਪਾਉਣ ਦੇ ਸਮਰੱਥ ਨਹੀਂ ਤਾਂ ਫਿਰ ਇਸ ਭੇਦ ਦਾ ਜਾਣੂ ਕੌਣ ਹੈ ?

ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ ॥੨੧॥

ਹਾਂ ਜੀ, 'ਆਪੇ ਜਾਣੈ ਸੋਈ' ਦਾ ਐਸਾ ਸਿਧਾਂਤਕ ਨੁਕਤਾ ਹੈ, ਜਿਥੇ ਸ੍ਰੀ ਗੁਰੂ ਨਾਨਕ-ਵਿਗਿਆਨੀ ਅਤੇ ਹੋਰਨਾਂ ਵਿਗਿਆਨੀਆਂ ਦੇ ਵਿਚਕਾਰ ਇਕ ਜ਼ਬਰਦਸਤ ਭਿੰਨਤਾ ਰੂਪੀ ਕੰਧ ਉਸਰੀ ਦਿਖਾਈ ਦਿੰਦੀ ਹੈ, ਜਿਸਦੇ ਇਕ ਪਾਸੇ ਤਾਂ ਬੁਧੀ-ਜੀਵੀਆਂ ਦੀ ਧਿਰ, ਦਿਮਾਗੀ ਹਥਿਆਰਾਂ ਨਾਲ ਲੜਾਈ ਕਰਦੀ ਹੋਈ



www.AKJ.Org

ਮੂੰਹ ਛੁਪਾਉਂਦੀ ਨਜ਼ਰ ਆਉਂਦੀ ਹੈ, ਪਰ ਇਸੇ ਕੰਧ ਦੇ ਦੂਜੇ ਪਾਸੇ ਗੁਰੂ ਨਾਨਕ ਨਿਰੰਕਾਰੀ ਦੇ ਭੌਰਿਆਂ ਦੀ ਧਿਰ, ਧੁਰੋਂ ਪ੍ਰਾਪਤ ਅਟੱਲ ਸਚਾਈਆਂ ਨਾਲ ਲੱਦੀ ਹੋਈ, ਸੱਚ ਦੀ ਸ਼ਕਤੀ ਨਾਲ, ਵਿਰੋਧੀ ਧਿਰ ਉਪਰ ਹਾਵੀ ਹੁੰਦੀ ਹੋਈ, ਉੱਚਾ ਮੁਖੜ ਚੁਕੀ ਨਜ਼ਰ ਆਉਂਦੀ ਹੈ।

ਕੰਮ ਦੋਹਾਂ ਧਿਰਾਂ ਦਾ ਕਰਣਹਾਰ ਦੀ ਰਚਨਾ ਦੇ ਕ੍ਰਿਸ਼ਮਿਆਂ ਨੂੰ ਵਿਗਿਆਨਕ ਨੁਕਤਿਆਂ ਰਾਹੀਂ ਪੇਸ਼ ਕਰਨਾ ਹੈ। ਫ਼ਰਕ ਇਸ ਗੱਲ ਦਾ ਹੈ ਕਿ ਜਿਥੇ ਦੂਸਰੇ ਸਾਇੰਸਦਾਨ ਕਰਤੇ ਦੀ ਹੋਂਦ ਨੂੰ ਭੁਲਾ ਕੇ 'ਕੀਤੇ' ਦਾ ਪੋਸਟ-ਮਾਰਟਮ ਕਰਨ ਵਿਚ ਰੁੱਝੇ ਹੋਏ ਹਨ ਤੇ ਰੁਝੇ ਰਹੇ ਹਨ—ਉਥੇ ਸ੍ਰੀ ਗੁਰੂ ਨਾਨਕ-ਵਿਗਿਆਨੀ "ਕੀਤੇ" ਨੂੰ ਦੇਖਦੇ ਪੇਖਦੇ ਹੋਇਆਂ, 'ਕਰਤੇ' ਦੀ ਹੋਂਦ ਦਾ ਮਹਾਤਮ, ਕਿਹਤਮ ਨਾਲੋਂ ਵਧੇਰੇ ਸਮਝਣ ਸਮਝਾਉਣ ਨੂੰ ਮੁਖ ਸਮਝਦਾ ਹੈ। ਤੇ 'ਕਰਤੇ' ਦੀ ਪ੍ਰਾਪਤੀ ਵਿਚ ਹੀ ਉਹ ਆਤਮਿਕ ਸਾਇੰਸ ਨੂੰ ਅਜਿਹੇ ਅਦੁੱਤੀ ਵਿਸਥਾਰ ਵਿਚ ਮਨੁੱਖਤਾ ਸਾਹਮਣੇ ਰਖਦਾ ਹੈ ਕਿ ਗੁਰੂ ਨਾਨਕ ਨਿਰੰਕਾਰੀ ਨੂੰ ਸੁਣਨ-ਪੜ੍ਹਨ ਤੇ ਪੇਖਣ ਵਾਲੇ ਦੇ ਮੁਖੋਂ ਸਹਿਜ ਸੁਭਾ ਹੀ ਵਾਹ ! ਗੁਰੂ !! ਦਾ ਉਚਾਰਨ ਹੋ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਇਕ ਐਸਾ ਵਿਗਿਆਨੀ ਹੈ ਜਿਸ ਦੇ ਅਧਿਆਪਨ ਵਿਚ ਆਤਮਿਕ ਸਾਇੰਸ ਅਤੇ ਹੋਰ ਕਈ ਕਿਸਮਾਂ ਦੀਆਂ ਸਾਇੰਸਾਂ ਨਾਲੋ ਨਾਲ ਚਲਦੀਆਂ ਹਨ। ਉਹ ਆਪਣੀ ਰੂਹਾਨੀ ਸਾਇੰਸ ਦੇ ਸਿਧਾਂਤਾਂ ਨੂੰ ਵਿਸਥਾਰ ਸਹਿਤ ਸਮਝਾਉਣ ਲਈ ਦੂਜੀਆਂ ਸਾਇੰਸਾਂ ਦੇ ਤੱਥਾਂ ਨੂੰ ਫਰੋਲ-ਫਰੋਲ ਕੇ ਪੇਸ਼ ਕਰਦਾ ਹੈ। ਵਿਗਿਆਨਕ ਤੱਥਾਂ ਦੀਆਂ ਉਦਾਹਰਣਾਂ ਰਾਹੀਂ, ਆਪਣੇ ਅਸਲ ਨੁਕਤੇ ਨੂੰ ਪੇਸ਼ ਕਰਨ ਦਾ ਇਹ ਇਕ ਐਸਾ ਤਰੀਕਾ ਹੈ, ਜਿਸ ਰਾਹੀਂ ਕਿ ਸੁਣਨ ਪੜ੍ਹਨ ਵਾਲੇ ਉਤੇ ਝਟਪਟ ਅਤੇ ਸਥਾਈ ਪ੍ਰਭਾਵ ਜੰਮ ਜਾਂਦਾ ਹੈ। ਅਸੀਂ ਕਹਿ ਸਕਦੇ ਹਾਂ ਕਿ—

**ਗੁਰੂ ਨਾਨਕ ਨਿਰੰਕਾਰੀ ਸਭ ਤਰ੍ਹਾਂ ਦੀਆਂ ਸਾਇੰਸਾਂ ਦੇ ਸਰਬੱਗ ਗਿਆਤਾ ਹੋਏ ਹਨ, ਪਰ ਦੁਨੀਆ ਵਿਚ ਅਜ ਤੀਕਣ ਹੋਏ ਅਧਿਆਤਮ-ਵਿਗਿਆਨੀਆਂ ਵਿਚੋਂ ਉਹ ਸਰਬੋਤਮ ਅਧਿਆਤਮ-ਵਿਗਿਆਨੀ ਹਨ।**

ਗੁਰਮਤਿ-ਸਾਹਿਤ ਵਿਚ ਗੁਰੂ ਨਾਨਕ ਪਾਤਸ਼ਾਹ ਦੀ ਰਚਨਾ ਦਾ ਇਕ-ਇਕ ਅੱਖਰ ਤੇ ਪੰਗਤੀ, ਭਿੰਨ-ਭਿੰਨ ਸਾਇੰਸ-ਖੇਤਰਾਂ ਵਿਚ, ਆਪਣੇ ਆਪ ਵਿਚ ਇਕ ਇਕ ਫ਼ਾਰਮੂਲਾ ਹੈ, ਪਰਖਿਆ-ਤੋਲਿਆ ਸਿਧਾਂਤ ਹੈ, ਜੋ ਭੂਤ ਵਿਚ ਲੱਭੇ ਜਾ ਚੁਕੇ, ਵਰਤਮਾਨ ਵਿਚ ਲੱਭੇ ਜਾ ਰਹੇ ਅਤੇ ਭਵਿਖ ਵਿਚ ਹਾਲੀ ਪ੍ਰਗਟ ਹੋਣ ਵਾਲੇ ਵਿਗਿਆਨਕ ਤੱਥਾਂ ਦਾ ਉਲੇਖ ਕਰਦੇ ਹਨ। ਰੂਹਾਨੀਅਤ ਅਤੇ ਵਿਗਿਆਨ ਦਾ ਇਕ ਥਾਂ ਸੁਮੇਲ ਕਰ ਵਿਖਾਉਣਾ ਗੁਰੂ ਨਾਨਕ-ਵਿਗਿਆਨੀ ਦਾ ਹੀ ਕੰਮ ਹੈ। ਓਹ ਨਿਰੰਕਾਰੀ-ਸਰੂਪਾ ਸ੍ਰੀ ਗੁਰੂ ਨਾਨਕ ! ਧੰਨ ਗੁਰੂ ਨਾਨਕ !! ਜਿਸ ਜਿਹਾ ਨਾ ਕਦੀ, ਪਹਿਲੋਂ ਕੋਈ ਹੋਇਆ ਹੈ ਤੇ ਨਾ ਹੀ ਕਦੇ ਹੋਵੇਗਾ !!! ਜੇ 'ਨਾਨਕ' ਨਾਮ ਦਾ ਸੰਧੀ-ਛੇਦ ਕੀਤਾ ਜਾਵੇ ਤਾਂ ਇਸ ਵਿਚ ਰੰਚਕ ਵੀ ਸੰਦੇਹ ਨਹੀਂ ਰਹਿ ਜਾਂਦਾ——
ਨਾਨਕ = ਨ+ ਅਨਕ।

**ਬੱਸ, ਨਾਨਕ ਇਕੋ ਹੀ ਹੋਇਐ—ਉਸ ਜਿਹਾ ਕੋਈ ਅਨਿਕ, ਦੂਜਾ ਜਾਂ ਅਨੇਕ ਨਹੀਂ ਹਨ।**

---

## ਨਾਮ ਸਿਮਰਨ ਕੈਂਪ

ਸਰਬ ਰੋਗ ਕਾ ਅਉਖਧੁ ਨਾਮੁ ਮਿਸ਼ਨ ਚੰਡੀਗੜ੍ਹ ਵਲੋਂ ੪ ਤੋਂ ੬ ਨਵੰਬਰ ਤਕ ਨਾਮ ਸਿਮਰਨ ਕੈਂਪ ਗੁਰਦੁਆਰਾ ਕੋਟਾ ਜੰਕਸ਼ਨ ਵਿਖੇ ਹੋਵੇਗਾ, ਜਿਸ ਵਿਖੇ ਅੰਮ੍ਰਿਤ ਵੇਲੇ ਤੋਂ ਲੈ ਕੇ ਰਾਤ ਅਠ ਵਜੇ ਤਕ ਸੰਗਤੀ ਨਿਤਨੇਮ, ਕੀਰਤਨ ਆਸਾ ਦੀ ਵਾਰ, ਗੁਰਮਤਿ ਵਿਚਾਰ ਤੇ ਨਾਮ ਸਿਮਰਨ, ਸੰਗਤੀ ਪਾਠ ਸੁਖਮਨੀ ਸਾਹਿਬ ਅਤੇ ਸੋਦਰ ਦੀ ਚੌਂਕੀ ਦੇ ਪ੍ਰੋਗਰਾਮ ਹੋਣਗੇ।


www.AKJ.Org

# ਜੀਵਨ-ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ

—੩—

ਪਿਤਾ ਸੂਬੇਦਾਰ ਹਰਬਚਨ ਸਿੰਘ ਜੀ ਦੀਆਂ ਪ੍ਰਮਾਰਥਕ ਉਚ ਉਡਾਰੀਆਂ ਦੀਆਂ ਕਥਾਵਾਂ, ਸੀਨਾ-ਬਸੀਨਾ ਜਦੋਂ ੨੨-੨੩ ਸਾਲਾਂ ਦੇ ਨੌਜਵਾਨ ਸੁਰਿੰਦਰ ਸਿੰਘ ਜੀ ਦੇ ਕੰਨਾਂ ਵਿਚ ਪੈਂਦੀਆਂ, ਹਿਰਦੇ ਚੋਂ ਬੈਰਾਗ ਦੇ ਕੜ ਫੁਟ ਪ੍ਰੈਂਦੇ ਅਤੇ ਬਿਰਹੁ-ਵਿਛੁੰਨੇ ਨੈਣਾਂ ਵਿਚੋਂ ਨੀਰ ਵਹਿ ਤੁਰਦਾ। ਕ੍ਰਿਸਚੀਅਨ ਸਕੂਲ ਦੀ ਪੜ੍ਹਾਈ ਨੇ ਵੀ ਆਪ ਜੀ ਦੇ ਜੀਵਨ ਵਿਚ ਪਲਟਾ ਆਉਣ ਵਿਚ ਕੋਈ ਅੜਿੱਚਣ ਨਾ ਪਾਈ। ਜਦੋਂ ਪੂਰਬਲੇ ਕਰਮ ਉਦੇ ਹੁੰਦੇ ਹਨ ਤਾਂ ਇਹ ਦੜੀਆਂ ਦੁਨਿਆਵੀਆਂ ਸਭ ਲਾਚਾਰ ਹੋ ਜਾਂਦੀਆਂ ਹਨ। ਡਾਕਟਰ ਜੀ ਨੂੰ ਇਹ ਨਿਸ਼ਚਾ ਹੋ ਚੁਕਾ ਸੀ ਕਿ ਅੰਮ੍ਰਿਤ ਛਕੇ ਬਿਨਾਂ ਗੁਰਸਿਖੀ ਨਹੀਂ ਪ੍ਰਾਪਤ ਹੋ ਸਕਦੀ। ਇਸ ਦ੍ਰਿੜ੍ਹਤਾ ਨੇ ਵੈਰਾਗ-ਮਈ ਦਸ਼ਾ ਧਾਰਨ ਕਰ ਲਈ ਸੀ।

ਅਨੰਦਪੁਰ ਸਾਹਿਬ ਵਿਖੇ ਟਿਕੇ ਹੋਏ ਨਾਨੀ ਜੀ ਨੇ ਆਪ ਜੀ ਨੂੰ ਸਦ ਭੇਜਿਆ। ਫਾਇਰ ਸਟੋਨ ਕੰਪਨੀ 'ਚੋਂ ਬਣਦੀ ਛੁਟੀ ਲੈ ਕੇ ਆਪ ਜੀ ਬੰਬਈ ਤੋਂ ਤਖ਼ਤ ਸ੍ਰੀ ਕੇਸਗੜ੍ਹ ਅਨੰਦਪੁਰ ਸਾਹਿਬ ਪੁਜੇ। ਆਪ ਦੀ ਨਾਨੀ ਪ੍ਰੇਮ ਕੌਰ ਜੀ ਨੇ ਆਪ ਦੀ ਵੈਰਾਗੀ ਦਸ਼ਾ ਦੇਖ ਕੇ ਬਹੁਤ ਹੀ ਪਿਆਰ ਕੀਤਾ। ਡਾਕਟਰ ਜੀ ਪਹਿਲਾਂ ਵੀ ਆਪਣੀ ਨਾਨੀ ਜੀ ਪਾਸ ਕਾਫ਼ੀ ਦੇਰ ਟਿਕੇ ਰਹੇ ਸਨ। ਪਰ ਇਸ ਵਾਰੀ ਇਹਨਾਂ ਨੂੰ ਆਪਣੀ ਨਾਨੀ ਜੀ ਦੇ ਬਿਬੇਕੀ ਜੀਵਨ ਤੇ ਅੰਮ੍ਰਿਤ ਵੇਲੇ ਦੀ ਸੰਭਾਲ ਨੇ ਬਹੁਤ ਹੀ ਪ੍ਰਭਾਵਤ ਕੀਤਾ ਅਤੇ ਇਹਨਾਂ ਦਾ ਦਿਲ ਅਜਿਹੇ ਜੀਵਨ ਦੇ ਧਾਰਨੀ ਹੋਣ ਨੂੰ ਲੋਚਦਾ।

ਸੋ ਅਉਸਰ ਆਇ ਬਝੇ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਸਮਾਗਮ ਹੋਇਆ। ਆਪ ਜੀ ਇਸ ਬੈਰਾਗੀ ਦਸ਼ਾ ਵਿਚ ਅੰਮ੍ਰਿਤ-ਅਭਿਲਾਖੀਆਂ ਦੀ ਕਤਾਰ ਵਿਚ ਜਾ ਰਲੇ। ਮਾਤਾ-ਪਿਤਾ ਦੇ ਉਚੇ ਸੁਚੇ ਜੀਵਨ ਦੀ ਲਾਗ ਆਪ ਨੂੰ ਜਨਮ ਤੋਂ ਪ੍ਰਾਪਤ ਸੀ। ਪੂਰਬਲੇ ਅੰਕੂਰ ਹੁਣ ਆ ਪ੍ਰਗਟੇ ਅਤੇ ਪੰਜਾਂ ਪਿਆਰਿਆਂ ਵਲੋਂ ਅੰਮ੍ਰਿਤ-ਦਾਤ ਮਿਲਣ ਸਾਰ ਹੀ ਸੁਰਤੀ ਬਿਰਤੀ ਗੁਰੂ-ਚਰਨਾਂ ਵਿਚ ਵਿਝ ਗਈ। ਆਪ ਦਿਨੇ ਰਾਤ ਹੀ ਅੰਮ੍ਰਿਤ-ਬਾਣੀ ਨਾਲ ਓਤਿ ਪੋਤਿ ਹੋਏ ਰਹਿੰਦੇ।

ਕੁਝ ਦਿਨ ਅਨੰਦਪੁਰ ਸਾਹਿਬ ਟਿਕ ਕੇ ਫਿਰ ਆਪ ਡੇਹਰਾਦੂਨ ਆਪਣੇ ਤਾਇਆ ਜੀ ਪਾਸ ਆ ਗਏ। ਕਰਨਲ ਪਿਆਰਾ ਸਿੰਘ ਜੀ ਡਾਕਟਰ ਜੀ ਦੇ ਪਿਤਾ ਸੂਬੇਦਾਰ ਹਰਿਬਚਨ ਸਿੰਘ ਜੀ ਦੇ ਅਤਿ ਪਿਆਰੇ ਹਮਜੋਲੀ ਸਨ। ਦੋਵੇਂ ਇਕ ਦੂਜੇ ਨੂੰ ਵੇਖ ਵੇਖ ਜੀਉਂਦੇ ਸਨ। ਇਨ੍ਹਾਂ ਦਿਨਾਂ ਵਿਚ ਕਰਨਲ ਸਾਹਿਬ ਦੀ ਲੜਕੀ ਦਾ ਮਨਸੂਰੀ ਤੋਂ ਟੈਲੀਫੂਨ ਆਇਆ ਕਿ ਸਤਿਕਾਰ ਭਾ: ਸਾ: ਯੋਗ ਭਾਈ ਰਣਧੀਰ ਸਿੰਘ ਜੀ ਨੂੰ ਅਲੀ-ਚੀਆਂ ਦੀ ਟੋਕਰੀ ਭੇਜਣੀ ਹੈ। ਇਸ ਲਈ ਕਾਕੇ ਸਰਿੰਦਰ ਸਿੰਘ ਨੂੰ ਭੇਜ ਦਿਓ ਤਾਂਕਿ ਅਲੀਚੀਆਂ ਉਹਨਾਂ ਦੇ ਹਥੀਂ ਭਾਈ ਸਾਹਿਬ ਜੀ ਨੂੰ ਕੁਮਾਰ ਹੱਟੀ ਭੇਜੀਆਂ ਜਾ ਸਕਣ। ਟੈਲੀਫੂਨ-ਸੰਦੇਸ਼ ਮਿਲਣ ਸਾਰ ਡਾਕਟਰ ਜੀ ਮਨਸੂਰੀ ਪੁਜ ਗਏ। ਕਰਨਲ ਪਿਆਰਾ ਸਿੰਘ ਜੀ ਆਪਣੀ ਬੱਚੀ ਪਾਸ ਹੀ ਟਿਕੇ ਹੋਏ ਸਨ। ਉਹਨਾਂ ਨੇ ਡਾਕਟਰ ਜੀ ਨੂੰ ਕੁਮਾਰ ਹੱਟੀ ਦੇ ਰਸਤੇ ਆਦਿ ਬਾਰੇ ਪੂਰੀ ਤਰ੍ਹਾਂ ਸਮਝਾ ਦਿਤਾ। ਦੂਜੇ ਦਿਨ ਅੰਮ੍ਰਿਤ ਵੇਲੇ ਦੇ ਨਿਤਨੇਮ ਤੋਂ ਬਾਅਦ ਡਾਕਟਰ ਜੀ ਨੇ ਕੁਮਾਰ ਹੱਟੀ ਲਈ ਕਮਰਕੱਸੇ ਕਰ ਲਏ। ਅਲੀਚੀਆਂ ਦੀ ਟੋਕਰੀ ਸਿਰ ਤੇ ਟਿਕਾ ਲਈ ਅਤੇ ਰੇਲਵੇ ਸਟੇਸ਼ਨ ਵਲ ਗੱਡੀ ਫੜਨ ਲਈ ਚਲ ਪਏ। ਪਰ ਡਾਕਟਰ ਜੀ ਨੂੰ ਇਹ ਕੀ ਪਤਾ ਸੀ ਕਿ ਇਹੋ ਪਿਆਰ ਰੂਪੀ ਤੋਹਫ਼ਾ ਉਹਨਾਂ ਦੀ ਆਤਮਿਕ ਅਵਸਥਾ ਤੇ ਸੋਨੇ ਤੇ ਸੁਹਾਗੇ ਵਾਲਾ ਕੰਮ ਕਰੇਗਾ। ਵਾਹਿਗੁਰੂ, ਵਾਹਿਗੁਰੂ ਕਰਦਿਆਂ ਜਿਉਂ ਜਿਉਂ ਸਫਰ ਲਾਗੇ ਆ ਰਿਹਾ ਸੀ, ਡਾਕਟਰ ਜੀ ਦੇ ਅੰਦਰੋਂ ਅੰਦਰ ਕੋਈ ਖਿਚ ਵਧਦੀ ਜਾ ਰਹੀ ਸੀ। ਇਸ ਤੋਂ ਪਹਿਲਾਂ ਆਪ ਜੀ ਨੇ ਕਦੇ ਵੀ ਭਾਈ ਸਾਹਿਬ



www.AKJ.Org

ਜੀ ਦੇ ਦਰਸ਼ਨ ਨਹੀਂ ਸਨ ਕੀਤੇ। ਸੁਣਿਆ ਤਾਂ ਭਾਵੇਂ ਬਹੁਤ ਕੁਝ ਸੀ, ਪਰ ਦਰਸ਼ਨ ਪਰਸਨ ਦਾ ਸੰਜੋਗ ਹੁਣ ਹੀ ਬਣਿਆ ਸੀ। ਕੁਮਾਰ ਹੱਟੀ ਸਟੇਸ਼ਨ ਤੋਂ ਅਲੀਚੀਆਂ ਦੀ ਟੋਕਰੀ ਸਿਰ ਤੇ ਚੁਕ ਕੇ ਆਪ ਜੀ ਰਵਾਂ ਰਵੀਂ ਕਰਨਲ ਸਾਹਿਬ ਦੇ ਸਮਝਾਏ ਰਸਤੇ ਅਨੁਸਾਰ ਭਾਈ ਸਾਹਿਬ ਜੀ ਦੇ ਅਸਥਾਨ ਵਲ ਚਲ ਪਏ। ਇੰਜ ਜਾਪਦਾ ਸੀ ਜਿਵੇਂ ਕੋਈ ਉਨ੍ਹਾਂ ਨੂੰ ਗਾਈਡ ਕਰ ਰਿਹਾ ਸੀ।

ਭਾਈ ਸਾਹਿਬ ਜੀ ਦੀ ਅਲੌਕਿਕ ਮਿਲਣੀ ਬਾਰੇ ਡਾਕਟਰ ਜੀ ਆਪਣੀ ਜ਼ਬਾਨੀ ਕਈ ਵੇਰ ਦੱਸਿਆ ਕਰਦੇ ਸਨ। ਇਹ ਵ ਰਤਾ ਦਸਣ ਸਮੇਂ ਇਹਨਾਂ ਦੀਆਂ ਅੱਖਾਂ 'ਚ ਹੰਝੂ ਟਪਕਣ ਲਗ ਪੈਂਦੇ ਸਨ ਅਤੇ ਉਨ੍ਹਾਂ ਨੂੰ ਛੁਪਾਉਣ ਖ਼ਾਤਰ ਆਪ ਉਠ ਕੇ ਤੁਰ ਜਾਂਦੇ ਸਨ। ਭਾਈ ਸਾਹਿਬ ਜੀ ਦੇ ਤਪੋ-ਅਸਥਾਨ ਤੇ ਆਪ ਪੁਜੇ ਤਾਂ ਸਾਹਮਣੇ ਭਾਈ ਸ ਹਿਬ ਦੀ ਬੱਚੀ ਬੀਬੀ ਦਲੇਰ ਕੌਰ ਜੀ ਖੜੇ ਸਨ। ਡਾਕਟਰ ਜੀ ਨੇ ਬੀਬੀ ਜੀ ਨੂੰ ਦੱਸਿਆ ਕਿ ਉਹਨਾਂ ਨੂੰ ਕਰਨਲ ਪਿਆਰਾ ਸਿੰਘ ਨੇ ਮਨਸੂਰੀ ਤੋਂ ਭੇਜਿਆ ਹੈ। ਭਾਈ ਸਾਹਿਬ ਦੇ ਬਾਰੇ ਪੁਛ ਕੀਤੀ ਤਾਂ ਬੀਬੀ ਜੀ ਨੇ ਗੁਰਦੁਆਰੇ ਸ ਹਿਬ ਵੱਲ ਇਸ਼ਾਰਾ ਕੀਤਾ। ਡਾਕਟਰ ਜੀ ਅੰਦਰ ਪੁਜੇ ਤਾਂ ਕੀ ਦੇਖਦੇ ਹਨ ਕਿ ਇਕ ਸਿੰਘ ਜੋੜੀ ਵਜਾ ਰਿਹਾ ਹੈ ਅਤੇ ਭਾਈ ਸਾਹਿਬ ਵਾਜੇ ਅਗੇ ਸਜੇ ਹੋਏ ਉਚੀਆਂ ਸੁਰਾਂ ਵਿਚ ਕੀਰਤਨ ਵਿਚ ਮਸਤ ਹਨ। ਸਰੀਰ ਕਰਕੇ ਭਾਵੇਂ ਕੋਈ ਸਰੋਤਾ ਦਿਖਾਈ ਨਹੀਂ ਸੀ ਦਿੰਦਾ, ਪਰ ਇੰਜ ਜਾਪਦਾ ਸੀ ਜਿਵੇਂ ਬੇਅੰਤ ਸਰੋਤਾ-ਗਣ ਸਮਾਧੀ-ਸਥਿਤ ਕੀਰਤਨ ਨਾਲ ਜੁੜ ਰਹੇ ਹਨ। ਕੀਰਤਨ ਦੇ ਭੋਗ ਤੋਂ ਬਾਅਦ ਸੋਦਰ ਰਹਿਰਾਸ ਸਾਹਿਬ ਦੇ ਪਾਠ ਹੋਏ। ਅਰਦਾਸ ਤੇ ਹੁਕਮਨਾਮ ਪਿਛੋਂ ਸੁਖ ਆਸਨ ਹੋਇਆ ਤਾਂ ਭਾਈ ਸਾਹਿਬ ਜੀ ਬਿਰਾਜਣ ਲਈ ਉਪਰਲੇ ਕਮਰੇ ਵਲ ਤੁਰ ਪਏ। ਇਹੋ ਜਿਹੀ ਰੰਗ-ਰੰਗੀਲੀ ਦਸ਼ਾ ਵਿਚ ਮਸਤੂਲ ਮਸਤ ਭਾਈ ਸਾਹਿਬ ਜੀ ਨੂੰ ਬੀਬੀ ਦਲੇਰ ਕੌਰ ਜੀ ਨੇ ਜਾ ਦੱਸਿਆ ਕਿ ਕਰਨਲ ਸਾਹਿਬ ਨੇ ਆਪ ਲਈ ਅਲੀਚੀਆਂ ਦੀ ਟੋਕਰੀ ਭੇਜੀ ਹੈ। ਭਾਈ ਸਾਹਿਬ ਦੇ ਪੁਛਣ ਤੇ ਕਿ 'ਕੌਣ ਲੈ ਕੇ ਆਇਆ ਹੈ'? ਬੀਬੀ ਜੀ ਨੇ ਦਸਿਆ—"ਸੂਬੇਦਾਰ ਹਰਿਬਚਨ ਸਿੰਘ ਜੀ ਦਾ ਲੜਕਾ ਸੁਰਿੰਦਰ ਸਿੰਘ।" ਬੀਬੀ ਜੀ ਦੀ ਇੰਨੀ ਗੱਲ ਕਹਿਣ ਦੀ ਦੇਰ ਹੀ ਸੀ ਕਿ ਭਾਈ ਸਾਹਿਬ ਨੇ ਘੁੰਮ ਕੇ ਡਾਕਟਰ ਜੀ ਵਲ ਇੰਜ ਦੇਖਿਆ, ਮਾਨੋ ਕੋਈ ਗਵਾਚਾ ਹੀਰਾ ਲਭ ਪਿਆ। ਭਾਈ ਸਾਹਿਬ ਨੇ ਆਪ ਜੀ ਨੂੰ ਆਪਣੀ ਗਲਵਕੜੀ ਚਿ ਘੁਟ ਲਿਆ ਅਤੇ ਘੁਟੀ ਹੀ ਜਾਣ।

ਪੂਰਬ ਜਨਮ ਕੇ ਮਿਲੇ ਸੰਜੋਗੀ ਵਾਲੀ ਪਾਰਸ-ਕਲਾ ਵਰਤ ਗਈ। ਭਾਈ ਸਾਹਿਬ ਡਾਕਟਰ ਜੀ ਨੂੰ ਗਲਵਕੜੀ ਚੋਂ ਛੱਡਣ ਹੀ ਨਾ। ਗੁਰਮੁਖ-ਸੰਜੋਗੀਆਂ ਦੀਆਂ ਅਖੜੀਆਂ ਨੀਰੋ ਨੀਰ ਵਹਿ ਤੁਰੀਆਂ। ਆਪਣੇ ਅਤਿ ਪਿਆਰੇ ਸੰਜੋਗੀਂ ਮਿਲੇ ਵੀਰ ਹਰਿਬਚਨ ਸਿੰਘ ਜੀ ਦੀ ਆਤਮਾ ਇਸ ਹੋਨਹਾਰ ਸੁਰਿੰਦਰ ਸਿੰਘ ਵਿਚੋਂ ਝਲਕਾਂ ਮਾਰਦੀ ਦਿਸ ਰਹੀ ਸੀ। ਉਸ ਵੇਲੇ ਭਾਈ ਸਾਹਿਬ ਜੀ ਦਾ ਵੈਰਾਗ ਅਕਥਨੀਯ ਸੀ। ਡਾਕਟਰ ਜੀ ਕਿਹਾ ਕਰਦੇ ਸਨ ਕਿ ਜਦੋਂ ਮੈਨੂੰ ਭਾਈ ਸਾਹਿਬ ਨੇ ਗਲਵਕੜੀ 'ਚ ਲਿਆ ਤਾਂ ਮੈਨੂੰ ਮੇਰੇ ਪਿਤਾ ਜੀ ਦਾ ਬਚਪਨ ਵਿਚ ਮਿਲਿਆ ਹੋਇਆ ਪਿਆਰ ਪਰਤੱਖ ਹੋ ਆਇਆ ਅਤੇ ਅੰਦਰਲਾ ਠੰਡਾ-ਠਾਰ ਹੋ ਕੇ ਵਹਿ ਤੁਰਿਆ, ਅਤੇ ਇਹੋ ਜਾਪਿਆ ਕਿ ਮੇਰੇ ਸਭ ਕੁਝ ਇਹੋ ਹੀ ਹਨ। ਗਲਵਕੜੀ ਖੁਲ੍ਹੀ, ਅਖਾਂ ਦੋ ਤੋਂ ਚਾਰ ਹੋਈਆਂ ਤਾਂ ਭਾਈ ਸਾਹਿਬ ਕਹਿਣ ਲਗੇ, ਅਜ ਤੂੰ ਚਿਰੀਂ ਵਿਛੁੰਨੇ ਹੋਏ ਪਿਆਰਨਾ-ਪਿਆਰ ਵਾਲੇ ਮੇਰੇ ਵੀਰ ਹਰਿਬਚਨ ਸਿੰਘ ਦੀ ਯਾਦ ਤਾਜ਼ਾ ਕਰਾ ਦਿਤੀ ਹੈ।

ਦੂਜੇ ਦਿਨ ਡਾਕਟਰ ਜੀ ਨੇ ਭਾਈ ਸਾਹਿਬ ਤੋਂ ਵਾਪਸੀ ਦੀ ਆਗਿਆ ਮੰਗੀ। ਜਾਣ ਦੀ ਆਗਿਆ ਕੀ ਦੇਣੀ ਸੀ, ਭਾਈ ਸਾਹਿਬ ਨੇ ਡਾਕਟਰ ਜੀ ਦਾ ਹੱਥ ਘੁਟ ਕੇ ਫੜ ਲਿਆ ਅਤੇ ਅਣਿਆਲੇ ਬਾਣਾਂ ਵਾਂਗ ਤਕਣੀ ਸੁਟ ਕੇ ਕਹਿਣ ਲੱਗੇ, "ਮੈਨੂੰ ਛੱਡ ਕੇ ਚਲਾ ਜਾਵੇਂਗਾ! ਮੈਂ ਨਹੀਂ ਜਾਣ ਦੇਣਾ, ਮੈਂ ਤਾਂ ਜੀਂਦਾ ਹੀ ਤੁਹਾਡੇ ਆਸਰੇ ਹਾਂ। ਇਤਨਾ ਕਹਿ ਕੇ ਭਾਈ ਸਾਹਿਬ ਫਿਰ ਵੈਰਾਗ ਵਿਚ ਆ ਗਏ। ਆਗਿਆ


www.AKJ.Org

ਕੀ ਮਿਲਣੀ ਸੀ, ਸਗੋਂ ਡਾਕਟਰ ਜੀ ਆਪ ਵੀ ਵੈਰਾਗ ਵਿਚ ਆ ਗਏ ਅਤੇ ਬਾਹਰ ਚਲੇ ਗਏ ।

ਤੀਜੇ ਦਿਨ ਫਿਰ ਡਾਕਟਰ ਜੀ ਨੇ ਵਾਪਸੀ ਦੀ ਆਗਿਆ ਮੰਗੀ ਤਾਂ ਭਾਈ ਸਾਹਿਬ ਜੀ ਫਿਰ ਵੈਰਾਗ ਵਿਚ ਆ ਗਏ ਅਤੇ ਕਹਿਣ ਲੱਗੇ, ਮੈਂ ਅਜ ਨਹੀਂ ਜਾਣ ਦੇਣਾ। ਡਾਕਟਰ ਜੀ ਫਿਰ ਰੁਕ ਗਏ। ਸਾਰਾ ਦਿਨ ਡਾਕਟਰ ਜੀ ਦੇਖਦੇ ਰਹੇ ਕਿ ਜਦੋਂ ਭਾਈ ਸਾਹਿਬ ਇਸ ਬੈਰਾਗੀ ਅਵਸਥਾ ਚੋਂ ਬਲੇ ਆਉਣ ਤਾਂ ਮੈਂ ਜਾਣ ਦੀ ਆਗਿਆ ਲਈ ਜੋਦੜੀ ਕਰਾਂ। ਪਰ ਭਾਈ ਸਾਹਿਬ ਤਾਂ ਚਵੀ ਘੰਟੇ ਹੀ ਬੈਰਾਗੀ ਰਹਿੰਦੇ ਸਨ। ਅੰਤ ਨੂੰ ਡਾਕਟਰ ਜੀ ਨੇ ਬੀਬੀ ਦਲੇਰ ਕੌਰ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਵਾਪਸ ਡੇਹਰਾਦੂਨ ਜਾਣ ਦੀ ਪ੍ਰਵਾਨਗੀ ਲੈ ਕੇ ਦੇਵੋ। ਬੀਬੀ ਜੀ ਬਾਪੂ ਜੀ ਪਾਸ ਗਏ ਅਤੇ ਕਹਿਣ ਲਗੇ, "ਬਾਪੂ ਜੀ, ਕਾਕਾ ਵਾਪਸ ਡੇਹਰਾਦੂਨ ਜਾਣ ਦੀ ਆਗਿਆ ਚਾਹੁੰਦਾ ਹੈ।" ਭਾਈ ਸਾਹਿਬ ਕਹਿਣ ਲਗੇ, ਕਾਕਾ ਕਿਥੇ ਹੈ ?

ਬੀਬੀ ਜੀ–ਬਾਹਰ ਖੜਾ ਹੈ ਜੀ। ਭਾਈ ਸਾਹਿਬ ਜੀ–ਬੁਲਾਉਣਾ।

"ਕਿਉਂ ਕਾਕਾ ਸੁਰਿੰਦਰ ਸਿੰਘ, ਤੂੰ ਜ਼ਰੂਰ ਹੀ ਚਲੇ ਜਾਣਾ ਹੈ।"

ਡਾਕਟਰ ਜੀ–ਜਾਣ ਨੂੰ ਦਿਲ ਤਾਂ ਨਹੀਂ ਕਰਦਾ, ਪਰ ਨੌਕਰੀ ਤੇ ਵਾਪਸ ਵੀ ਜਾਣਾ ਹੈ।

ਜੇ ਜ਼ਰੂਰ ਹੀ ਜਾਣਾ ਹੈ ਤਾਂ ਜਾਉ। ਕਈ ਪ੍ਰਕਾਰ ਦੀਆਂ ਅਸੀਸਾਂ ਦੇਣ ਪਿਛੋਂ ਕਹਿਣ ਲਗੇ, ਕਰਨਲ ਪਿਆਰਾ ਸਿੰਘ ਜੀ ਨੂੰ ਕਹਿਣਾ ਕਿ ਮੈਨੂੰ ਤੁਹਾਡੀਆਂ ਭੇਜੀਆਂ ਅਲੀਚੀਆਂ ਦੀ ਖੁਸ਼ੀ ਨਾਲੋਂ ਵੀ ਬਹੁਤੀ ਖੁਸ਼ੀ ਅਲੀਚੀਆਂ ਲਿਆਉਣ ਵਾਲੇ ਨੂੰ ਮਿਲ ਕੇ ਹੋਈ ਹੈ।

ਡਾਕਟਰ ਜੀ ਨੂੰ ਆਗਿਆ ਤਾਂ ਮਿਲ ਗਈ, ਸਟੇਸ਼ਨ ਨੂੰ ਤੁਰ ਵੀ ਪਏ, ਪਰ ਅੰਦਰਲਾ ਪਿਛੇ ਹੀ ਰਿਹਾ। ਪਿਠ ਘੁਮਾ ਕੇ ਕਈ ਵੇਰ ਪਿਛੇ ਦੇਖਦੇ ਤੇ ਫਿਰ ਤੁਰ ਪੈਂਦੇ। ਇਹ ਮਿਲਾਪ ਦੀਆਂ ਘੜੀਆਂ ਇਹਨਾਂ ਪੈਂਡਿਆਂ ਨਾਲ ਥੋੜ੍ਹੀਆਂ ਮੁਕਦੀਆਂ ਹਨ। ਦਿਲ ਮਿਲਣ ਦੀਆਂ ਬਾਤਾਂ ਉਹੋ ਹੀ ਜਾਣਦਾ ਹੈ ਜਿਹੜਾ ਅਸਲ ਮਿਲਿਆ ਹੋਇਆ ਹੋਵੇ। ਜਦੋਂ ਕਦੀ ਡਾਕਟਰ ਜੀ ਪ੍ਰੇਮ-ਮਿਲਾਪ ਦੀ ਇਹ ਕਥਾ ਦੱਸਿਆ ਕਰਦੇ ਸਨ ਤਾ ਅਖੀਰ ਚਿ ਕਿਹਾ ਕਰਦੇ ਸਨ ਕਿ ਭਾਈ ਸਾਹਿਬ ਪਾਸੋਂ ਵਿਛੜਨਾ ਬਹੁਤ ਔਖਾ ਸੀ। ਕੋਈ ਹਿੰਮਤ ਵਾਲਾ ਬੰਦਾ ਹੀ ਭਾਈ ਸਾਹਿਬ ਜੀ ਨੂੰ ਮਿਲ ਕੇ ਵਿਛੜ ਸਕਦਾ ਸੀ। (ਚਲਦਾ)

---

## ਪਿੰਡ ਮੁੰਡੀ ਖਰੜ (ਨੇੜੇ ਚੰਡੀਗੜ੍ਹ) ਵਿਖੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਿਹ ਵਿਖੇ ੨੬ ਨਵੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਇਹ ਪਿੰਡ ਚੰਡੀਗੜ੍ਹ ਅੰਮ੍ਰਿਤਸਰ ਰੋਡ ਤੇ ਹੈ। ਚੰਡੀਗੜ੍ਹ ਤੋਂ ਲੋਕਲ ਬਸ ਨੰ: ੩ਪ ਮਿਲਦੀ ਹੈ। ਦਰਸ਼ਨ ਦੇ ਕੇ ਨਿਵਾਜੋ ਜੀ।

ਦਾਸਰਾ—ਰਣਜੀਤ ਸਿੰਘ, ਪਿੰਡ ਮੁੰਡੀ ਖਰੜ, ਤਸੀਲ ਖਰੜ, ਜ਼ਿਲਾ ਰੋਪੜ

## ਪਿੰਡ ਭੂੜੇ ਵਿਖੇ ਰੈਣ ਸਬਾਈ ਕੀਰਤਨ

ਦਾਸ (ਸਰਵਨ ਸਿੰਘ) ਦੇ ਗ੍ਰਿਹ ੧੨ ਨਵੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦਰਸ਼ਨ ਦੇ ਕੇ ਨਿਵਾਜੋ ਜੀ। ਪਿੰਡ ਭੂੜੇ ਮੋਰਿੰਡਾ–ਚਮਕੌਰ ਸਾਹਿਬ ਸੜਕ ਤੇ ਹੈ। ਮੋਰਿੰਡੇ ਤੋਂ ਚਮਕੌਰ ਸਾਹਿਬ ਜਾਂਦਿਆਂ ਪਿਪਲ ਮਾਜਰਾ ਉਤਰ ਕੇ ਪਿੰਡ ਭੂੜੇ ਲਈ ਇਕ ਕਿਲੋਮੀਟਰ ਤੁਰਨਾ ਪੈਂਦਾ ਹੈ।

## ਪਿੰਡ ਦੱਲਣਵਾਲ (ਮਲੇਰ ਕੋਟਲਾ) ਵਿਖੇ ਰੈਣ ਸਬਾਈ ਕੀਰਤਨ

੨੬ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਮਲੇਰ ਕੋਟਲੇ ਤੋਂ ਖੰਨੇ ਵਾਲੀ ਸੜਕ ਤੋਂ ੮ ਕਿਲੋ ਮੀਟਰ ਹੈ। ਮਲੇਰ ਕੋਟਲਾ ਬਸ ਅੱਡੇ ਤੋਂ ਸੰਗਤਾਂ ਲਈ ਰਾਤ ੧੧ ਵਜੇ ਤਕ ਟਰੱਕ ਟਰਾਲੀ ਦਾ ਪਰਬੰਧ ਹੋਵੇਗਾ।

---

## ਅਣਡਿਠੀ ਦੁਨੀਆ ਪੁਸਤਕ ਛਪ ਗਈ–ਭੇਟਾ ੧੦)



www.AKJ.Org

# ਰਾਸ਼ਟਰਪਤੀ ਰਾਜ ਸਦਭਾਵਨਾ ਲਈ ਨਹੀਂ, ਜਬਰ ਲਈ ਲਾਗੂ ਕੀਤਾ

## ਸੰਤ ਲੌਂਗੋਵਾਲ ਦਾ ਬਿਆਨ

ਅੰਮ੍ਰਿਤਸਰ, ੨੨ ਅਕਤੂਬਰ–ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਕ ਬਿਆਨ ਰਾਹੀਂ ਪੁਲਸ, ਤੇ ਬੀ. ਐਸ. ਐਫ. ਵਲੋਂ ਮਾਰੇ ਜਾ ਰਹੇ ਛਾਪਿਆਂ ਦਾ ਤਿਖਾ ਤੇ ਸਖਤ ਵਿਰੋਧ ਕੀਤਾ ਹੈ। ਸੰਤ ਜੀ ਨੇ ਕਿਹਾ ਕਿ ਇਹਨਾਂ ਛਾਪਿਆਂ ਦੌਰਾਨ ਨਿਰਦੋਸ਼ ਲੋਕਾਂ ਤੇ ਤਸ਼ੱਦਦ ਦਾ ਦੌਰ ਚਲਾਏ ਜਾਣ ਤੋਂ ਸਪਸ਼ਟ ਹੋ ਗਿਆ ਹੈ ਕਿ ਸਰਕਾਰ ਨੇ ਰਾਸ਼ਟਰਪਤੀ ਰਾਜ ਸਦਭਾਵਨਾ ਤੇ ਅਮਨ ਕਾਇਮ ਕਰਨ ਲਈ ਨਹੀਂ, ਸਗੋਂ ਦਹਿਸ਼ਤ ਫੈਲਾ ਕੇ ਬੰਦੂਕਾਂ ਦੇ ਜ਼ੋਰ ਨਾਲ ਲੋਕਾਂ ਦੀ ਆਵਾਜ਼ ਬੰਦ ਕਰਨ ਲਈ ਲਾਗੂ ਕੀਤਾ ਹੈ। ਸੰਤ ਜੀ ਨੇ ਦੋਸ਼ ਲਾਇਆ ਕਿ ਇਹਨਾਂ ਛਾਪਿਆਂ ਦੌਰਾਨ ਪੁਲੀਸ ਅਤੇ ਬੀ.ਐਸ,ਐਫ. ਵਲੋਂ ਜਬਰ ਕੀਤੇ ਜਾਣ ਦੇ ਬਾਵਜੂਦ ਕੁਝ ਹਥ ਨਹੀਂ ਲਗਾ ਤ ਪੁਲਸ ਬੇਗੁਨਾਹ ਤੇ ਮਾਸੂਮ ਪੇਂਡੂ ਲੋਕਾਂ ਨੂੰ ਬੁਰੀ ਤਰ੍ਹਾਂ ਡਰਾ ਧਮਕਾ ਰਹੀ ਹੈ। ਸੰਤ ਜੀ ਨੇ ਚਿਤਾਵਨੀ ਦਿਤੀ ਕਿ ਸ਼ਰੋਮਣੀ ਅਕਾਲੀ ਦਲ ਕੇਂਦਰ ਦੀ ਇਸ ਜਾਬਰ ਤੇ ਦਮਨਕਾਰੀ ਨੀਤੀ ਨੂੰ ਸਹਿਣ ਨਹੀਂ ਕਰੇਗਾ ਤੇ ਨਾ ਹੀ ਬੇਗੁਨਾਹ ਲੋਕਾਂ ਦਾ ਖੂਨ ਇਸ ਤਰ੍ਹਾਂ ਅਜਾਈਂ ਡੁਲ੍ਹਣ ਦੇਏਗਾ। ਸੰਤ ਜੀ ਨੇ ਕਿਹਾ ਕਿ ਪਾਕਿਸਤਾਨ ਵਿਚ 'ਲੋਕ ਰਾਜ ਦੀ ਬਹਾਲੀ' ਦਾ ਵਾਵੇਲਾ ਕਰਨ ਵਾਲੀ ਪ੍ਰਧਾਨ ਮੰਤਰੀ, ਆਪਣੇ ਦੇਸ਼ ਵਿਚ ਘੱਟ-ਗਿਣਤੀ ਸਿੱਖਾਂ ਨੂੰ ਸ਼ਕਤੀ ਨਾਲ ਕੁਚਲਣਾ ਚਾਹੁੰਦੀ ਹੈ। ਉਹਨਾਂ ਨੇ ਹੋਰ ਕਿਹਾ ਕਿ ਨੀਮ ਫ਼ੌਜੀ ਜਥੇਬੰਦੀਆਂ ਤੇ ਪੁਲੀਸ ਹੱਥੋਂ ਬੇਗੁਨਾਹ ਤੇ ਨਿਰਦੋਸ਼ ਸ਼ਹਿਰੀਆਂ ਦਾ ਕਤਲਾਮ ਕਰਵਾ ਕੇ ਪ੍ਰਧਾਨ ਮੰਤਰੀ, ਦੇਸ਼ ਦੀ ਰਖਿਆ ਲਈ ਤਾਇਨਾਤ ਹਥਿਆਰਬੰਦ ਫੌਜਾਂ ਦੀ ਦੁਰਵਰਤੋਂ ਕਰ ਰਹੀ ਹੈ। ਸੰਤ ਜੀ ਨੇ ਇਸ ਤਰ੍ਹਾਂ ਕਾਂਗਰਸ ਪਾਰਟੀ ਲਈ 'ਫੌਜੀ ਸ਼ਕਤੀ' ਦੀ ਦੁਰਵਰਤੋਂ ਦੀ ਸਖਤ ਨਿੰਦਾ ਕੀਤੀ। ਸੰਤ ਜੀ ਨੇ ਪ੍ਰਧਾਨ ਮੰਤਰੀ ਨੂੰ ਚਿਤਾਵਨੀ ਦਿਤੀ ਕਿ ਉਹ ਇਹ ਖਿਆਲ ਦਿਲ ਚੋਂ ਕੱਢ ਦੇਣ ਕਿ 'ਸਿੱਖ ਕੌਮ' ਨੂੰ ਸ਼ਕਤੀ ਨਾਲ ਕੁਚਲ ਕੇ ਉਸਦੀ ਜ਼ਬਾਨ ਬੰਦ ਕਰ ਦਿਤੀ ਜਾਏਗੀ। ਉਹਨਾਂ ਨੇ ਕਿਹਾ ਕਿ ਦਿਲੀ ਦੇ ਤਖਤ ਨੇ ਹਮੇਸ਼ਾ ਸਿਖੀ ਨੂੰ ਖਤਮ ਕਰਨ ਲਈ ਸ਼ਕਤੀ ਵਰਤੀ ਹੈ, ਪਰ ਹਰ ਵਾਰ ਦਿਲੀ ਅਸਫਲ ਰਹੀ ਹੈ ਅਤੇ "ਫਤਹ" ਅਨੰਦਪੁਰੀ ਵਿਚਾਰਧਾਰਾ ਦੀ ਹੋਈ ਹੈ। ਹੁਣ ਵੀ ਸ਼ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਪੰਜਾਬੀਆਂ ਦਾ ਇਹ ਸੰਘਰਸ਼ ਅੰਤਮ ਜਿਤ ਤਕ ਜਾਰੀ ਰਹੇਗਾ। ਸੰਤ ਜੀ ਨੇ ਰਾਸ਼ਟਰਪਤੀ ਵਲੋਂ ਜਾਰੀ ਫੁਰਮਾਨਾਂ (ਆਰਡੀਨੈਂਸ) ਦੀ ਸਖਤ ਵਿਰੋਧਤਾ ਕੀਤੀ ਅਤੇ ਪੰਜਾਬ ਵਿਚ ਲਾਗੂ ਬੇਨਾਮਾ ਮਾਰਸ਼ਲ ਲਾਅ ਖਤਮ ਕਰਨ ਤੇ ਜ਼ੋਰ ਦਿਤਾ। ਅਜੀਤ, ੨੩-੧੦-੮੩

**ਅਪੋਜ਼ੀਸ਼ਨ ਪਾਰਟੀਆਂ ਕੇਂਦਰੀ ਸਰਕਾਰ ਨੂੰ ਮੰਗਾਂ ਮੰਨਣ ਲਈ ਜ਼ੋਰ ਦੇਣ**
**ਮੋਰਚਾ ਮੁਅਤਲ ਨਹੀਂ ਕੀਤਾ ਜਾਏਗਾ–ਸੰਤ ਜੀ**

ਅੰਮ੍ਰਿਤਸਰ, ੨੪ ਅਕਤੂਬਰ–(ਵਿਸ਼ੇਸ਼-ਯੂ. ਐਨ. ਆਈ.) ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਕ ਬਿਆਨ ਵਿਚ ਅਪੋਜ਼ੀਸ਼ਨ ਪਾਰਟੀਆਂ ਵਲੋਂ ਸ਼ਰੋਮਣੀ ਅਕਾਲੀ ਦਲ ਨੂੰ ਮੋਰਚਾ ਮੁਅਤਲ ਕਰਨ ਦੀ ਅਪੀਲ ਤੇ ਟਿਪਣੀ ਕਰਦਿਆਂ ਕਿਹਾ ਕਿ ਅਕਾਲੀ ਦਲ ਦਾ ਇਹ ਸੰਘਰਸ਼ ਦੇਸ਼ ਦੇ ਸੰਵਿਧਾਨ ਅਤੇ ਕਾਨੂੰਨ ਦੇ ਦਾਇਰੇ ਵਿਚ ਅਤੇ ਇਨਸਾਫ ਤੇ ਅਧਾਰਿਤ ਹੈ। ਇਸ ਲਈ ਅਪੋਜ਼ੀਸ਼ਨ ਪਾਰਟੀਆਂ ਨੂੰ ਸ਼ਰੋਮਣੀ ਅਕਾਲੀ ਦਲ ਨੂੰ ਮੋਰਚਾ ਮੁਅਤਲ ਕਰਨ ਦੀ ਅਪੀਲ ਕਰਨ ਦੀ ਥਾਂ ਦੇਸ਼ ਦੀ ਸਰਕਾਰ ਨੂੰ ਸੰਵਿਧਾਨ ਅਤੇ ਕਾਨੂੰਨ ਦਾ ਸਤਿਕਾਰ ਕਰਨ ਅਤੇ ਅਕਾਲੀ ਦਲ ਦੀਆਂ ਹੱਕੀ ਤੇ ਸੰਵਿਧਾਨਕ ਮੰਗਾਂ ਪ੍ਰਵਾਨ ਕਰਨ ਲਈ ਕਹਿਣਾ ਚਾਹੀਦਾ ਹੈ।

ਸੰਤ ਜੀ ਨੇ ਕਿਹਾ ਕਿ, "ਮੈਂ ਅਪੋਜ਼ੀਸ਼ਨ ਪਾਰਟੀਆਂ ਦੀ ਨੇਕ ਭਾਵਨਾ ਦਾ ਸਤਿਕਾਰ ਕਰਦਾ ਹਾਂ।


www.AKJ.Org

ਮੈਨੂੰ ਪਤਾ ਹੈ ਕਿ ਉਹ ਦੇਸ਼ ਦੇ ਹਿੱਤਾਂ ਲਈ ਇਸ ਮਸਲੇ ਨੂੰ ਸੁਲਝਾਣ ਪ੍ਰਤੀ ਇਮਾਨਦਾਰੀ ਤੇ ਦੇਸ਼-ਭਗਤੀ ਦੀ ਭਾਵਨਾ ਨਾਲ ਜਤਨ ਕਰ ਰਹੇ ਹਨ। ਸੰਤ ਜੀ ਨੇ ਕਿਹਾ, ਪਰ ਸਰਕਾਰ ਵਲੋਂ ਅਪਣਾਇਆ ਗਿਆ ਤਸ਼ੱਦਦ ਤੇ ਸਿਖ-ਵਿਰੋਧੀ ਰਵੱਈਆ ਇਹ ਸਿੱਧ ਕਰਦਾ ਹੈ ਕਿ, ਪ੍ਰਧਾਨ ਮੰਤਰੀ ਨੂੰ ਲੋਕਾਂ ਦੀਆਂ ਭਾਵਨਾਵਾਂ ਜਾਂ ਦੇਸ਼ ਨਾਲ ਕੋਈ ਸਰੋਕਾਰ ਨਹੀਂ ਅਤੇ ਉਹ ਕੇਵਲ ਕੁਝ ਵੋਟਾਂ ਹਾਸਲ ਕਰਨ ਲਈ ਦੇਸ਼ ਨੂੰ ਤਬਾਹ ਕਰਨ ਤੇ ਤੁਲੇ ਹੋਏ ਹਨ। ਸੰਤ ਜੀ ਨੇ ਕਿਹਾ ਕਿ, ਅਕਾਲੀ ਦਲ ਨੂੰ ਮੋਰਚਾ ਮੁਅਤਲ ਕਰਨ ਦੀ ਸਲਾਹ ਦੇਣ ਦੀ ਥਾਂ ਅਪੋਜ਼ੀਸ਼ਨ ਪਾਰਟੀਆਂ ਨੂੰ ਪ੍ਰਧਾਨ ਮੰਤਰੀ ਦੀ ਆਤਮਾ ਨੂੰ ਜਗਾਉਣ ਲਈ ਜਤਨ ਕਰਨੇ ਚਾਹੀਦੇ ਹਨ। ਸੰਤ ਜੀ ਨੇ ਕਿਹਾ ਕਿ, ਇਸ ਗੱਲ ਦੀ ਕੀ ਗਰੰਟੀ ਹੈ ਕਿ, ਪ੍ਰਧਾਨ ਮੰਤਰੀ ਅਪੋਜੀਸ਼ਨ ਦੀ ਮੰਗ ਮੰਨ ਕੇ ਇਸ ਮਸਲੇ ਨੂੰ ਸੰਵਿਧਾਨ ਅਤੇ ਕਾਨੂੰਨ ਅਨੁਸਾਰ ਹੱਲ ਕਰ ਦੇਣਗੇ। ਸੰਤ ਜੀ ਨੇ ਕਿਹਾ ਕਿ ਅਕਾਲੀ ਦਲ ਹਿੰਦੂ ਸਿਖ ਏਕਤਾ ਤੇ ਦੇਸ਼ ਦੀ ਅਖੰਡਤਾ ਦਾ ਮੁਦੱਈ ਹੈ, ਪਰ ਪੰਜਾਬ ਅਤੇ ਸਿਖਾਂ ਨਾਲ ਦੂਜੇ ਦਰਜੇ ਦਾ ਸਲੂਕ ਬਰਦਾਸ਼ਤ ਨਹੀਂ ਕਰੇਗਾ। ਉਹਨਾਂ ਨੇ ਸਪਸ਼ਟ ਕੀਤਾ ਕਿ ਸ਼ਰੋਮਣੀ ਅਕਾਲੀ ਦਲ ਦਾ ਇਹ ਹੱਕੀ ਸੰਘਰਸ਼ ਇਨਸਾਫ ਪ੍ਰਾਪਤ ਤਕ ਲਗਾਤਾਰ ਜਾਰੀ ਰਹੇਗਾ। ਅਜੀਤ, ੨੫-੧੦-੮੩

## ਸੂਰਾ ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ ਮੈਂਬਰ

ਹੇਠ ਲਿਖੇ ੧੬ ਪਾਠਕਾਂ ਵਿਚੋਂ ਆਖ਼ਰੀ ਯੂ.ਐਸ.ਏ. ਤੋਂ ਸਾਢੇ ਸੱਤ ਸੌ ਰੁਪਏ ਅਤੇ ਬਾਕੀ ੧੫ ਦੇ ਦੇਸ ਵਿਚੋਂ ਡੇਢ ਡੇਢ ਸੌ ਰੁਪਏ ਪੁੱਜ ਹਨ। ਸਭ ਦੀ ਸਾਂਝੀ ਬੈਂਕ ਤੋਂ ਬਣਵਾਈ ਐਫ. ਡੀ. ਦਾ ਨੰਬਰ ਇਸ ਪ੍ਰਕਾਰ ਹੈ :—

੪੮੬੨੭੫/੭੭੭/੮੩- ਮਿਤੀ ੨੫-੧੦-੮੩, ਰਕਮ ੩੦੦੦ ਰੁਪਏ।

ਸ: ਕੁਲਦੀਪ ਸਿੰਘ ੬੧੭੯, ਬੀਬੀ ਦਵਿੰਦਰ ਕੌਰ ੬੧੮੦, ਸ: ਕਰਤਾਰ ਸਿੰਘ ੬੧੮੧, ਸ: ਤਰਲੋਕ ਸਿੰਘ ਛਾਬੜਾ ੬੧੮੨, ਸ: ਦਰਸ਼ਨ ਸਿੰਘ ਢਿਲੋਂ ੬੧੮੩, ਸ: ਜਸਪਾਲ ਸਿੰਘ ਸਰਪੰਚ ੬੧੮੪, ਸ: ਕੰਵਲਜੀਤ ਸਿੰਘ ੬੧੮੫, ਸ: ਜਗਮੋਹਨ ਸਿੰਘ ਚੱਢਾ ੬੧੮੬, ਸ: ਜਗਜੀਤ ਸਿੰਘ ੬੧੮੭, ਸ: ਕੁਲਦੀਪ ਸਿੰਘ ੬੧੮੮, ਸ: ਸੁਰਜੀਤ ਸਿੰਘ ਚਾਵਲਾ ੬੧੮੯, ਸ: ਮੋਹਨ ਸਿੰਘ ਵੈਲਫੇਅਰ ਇੰਸਪੈਕਟਰ ੬੧੯੦, ਸ: ਗੁਰਦਿਆਲ ਸਿੰਘ ਚਾਹਲ ੬੧੯੧, ਸ: ਹਰਮਹਿੰਦਰ ਸਿੰਘ ੬੧੯੨, ਸ: ਜੋਧ ਸਿੰਘ ਰਾਜਿੰਦਰ ਸਿੰਘ ੬੧੯੩, ਸ: ਕੇਵਲ ਸਿੰਘ ੨੨੫੧/੬੧੯੪ ਯੂ. ਐਸ. ਏ.

## ਸੂਰਾ ਮਾਸਕ ਪੱਤਰ ਦੇ ਪੁਰਾਣੇ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਅਠ ਪੁਰਾਣੇ ਅਮਾਨਤੀ ਲਾਈਫ ਮੈਂਬਰਾਂ ਵਲੋਂ ਪੰਜਾਹ ਪੰਜਾਹ ਰੁਪਏ ਪੁੱਜੇ ਹਨ। ਸਭ ਦੀ ਸਾਂਝੀ ਐਫ. ਡੀ. ਦਾ ਨੰਬਰ ਹੈ—੪੮੬੨੭੯/੭੮੧/੮੩ ਮਿਤੀ ੨੭-੧੦-੮੩, ਰਕਮ ੪੦੦/ ਰੁਪਏ।

ਤਕਰੀਬਨ ਸਵਾ ਕੁ ਸੌ ਅਮਾਨਤੀ ਲਾਈਫ ਮੈਂਬਰਾਂ ਵਲੋਂ ਪੰਜਾਹ ਰੁਪਏ ਵਾਧੇ ਦੀ ਰਕਮ ਨਹੀਂ ਪੁੱਜੀ, ਇਸ ਲਈ ਉਨ੍ਹਾਂ ਵਲੋਂ ਜਮ੍ਹਾਂ ਰਕਮ ਸੌ ਰੁਪਏ ਨੂੰ ਸਾਲਾਨਾ ਚੰਦੇ ਵਿਚ ਤਬਦੀਲ ਕਰ ਦਿੱਤਾ ਗਿਆ ਹੈ, ਜੋ ਕਿ ਅਕਤੂਬਰ ੧੯੮੧ ਤੋਂ ਚਾਲੂ ਹੋ ਕੇ ਛੇ ਸਤ ਸਾਲ ਵਿਚ ਖਤਮ ਹੋ ਜਾਏਗਾ।

ਸ: ਗਜਿੰਦਰ ਸਿੰਘ ਵਿਦਿਆਰਥੀ ੩੦੯੩, ਬੀਬੀ ਬਲਜੀਤ ਕੌਰ ੩੨੩੭, ਸ: ਹਰਭੁਪਿੰਦਰ ਸਿੰਘ ੩੩੦੮, ਸ: ਜਗਮੋਹਨ ਸਿੰਘ ੩੩੧੨, ਸ: ਸਜਨ ਸਿੰਘ ਉਬਰ ਏ ੩੭੩੪, ਸ: ਅਵਤਾਰ ਸਿੰਘ ੩੭੫੪, ਸ: ਨਰਿੰਦਰ ਸਿੰਘ ੩੭੫੫, ਸ: ਗੁਰਚਰਨ ਸਿੰਘ ੩੯੨੨.

## ਬੱਜਰ ਕੁਰਹਿਤ ਤੋਂ ਬਚੋ

ਸਿਖ ਲਈ ਸਿਗਰਟ ਬੀੜੀ ਤੰਬਾਕੂ ਵਰਤਣਾ ਮਨਾਹੀ ਹੈ। ਤੰਬਾਕੂ ਵਰਤਣ ਵਾਲਾ ਪਤਿਤ ਹੈ, ਸਿਖੀ ਤੋਂ ਖ਼ਾਰਜ ਹੈ। ਦੁਬਾਰਾ ਅੰਮ੍ਰਿਤ ਛਕ ਕੇ ਅਤੇ ਭੁਲ ਬਖਸ਼ਵਾ ਕੇ ਉਹ ਮੁੜ ਸਿਖੀ ਵਿਚ ਦਾਖਲ ਹੋ ਸਕਦਾ ਹੈ।

ਤੰਬਾਕੂ ਜਾਂ ਸਿਗਰਟ ਬੀੜੀ ਦਾ ਵਪਾਰ ਕਰਨ ਵਾਲਾ ਵੀ ਉਤਨਾ ਹੀ ਦੋਸ਼ੀ ਹੈ ਜਿਤਨਾ ਤੰਬਾਕੂ ਵਰਤਣ ਵਾਲਾ। ਜਿਹੜੀ ਵਸਤੂ ਸਿਖ ਲਈ ਬਿਖਿਆ ਹੈ, ਉਹ ਬਿਖਿਆ ਹੋਰਨਾਂ ਨੂੰ ਵੰਡ-ਵੇਚਣ ਵਾਲਾ ਸਗੋਂ ਵਧੇਰੇ ਗੁਨਾਹਗਾਰ ਹੈ। ਉਹ ਬਿਖਿਆ ਆਪ ਨਹੀਂ ਵਰਤਦਾ, ਪਰ ਦੂਜਿਆਂ ਨੂੰ ਦੇ ਕੇ ਉਸ ਬਿਖਿਆ ਨੂੰ ਪਰਚਾਰਨ ਦਾ, ਬਿਖਿਆ ਨੂੰ ਬਹੁਤਿਆਂ ਵਿਚ ਫੈਲਾਉਣ ਦਾ ਦੋਸ਼ੀ ਹੈ। ਇਸ ਲਈ ਬਿਖਿਆ ਤੰਬਾਕੂ ਦਾ ਵਪਾਰ ਕਰਨ ਵਾਲਾ ਸਿਖ ਨਹੀਂ ਹੋ ਸਕਦਾ।



www.AKJ.Org

# ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ ਸਕੀਮ

ਵੀਹਵੀਂ ਸਦੀ ਵਿਚ ਪਦਾਰਥ-ਵਾਦੀ ਰੁਚੀਆਂ ਦੇ ਮਾਰੂ ਸਿੱਟੇ ਸਾਰਿਆਂ ਦੇ ਸਾਹਮਣੇ ਹਨ। ਚੰਗੇ ਚੰਗੇ ਗੁਰਸਿਖ ਘਰਾਣਿਆਂ ਦੇ ਜਵਾਨ ਬੱਚੇ ਸਿਖੀ ਤੋਂ ਪਤਿਤ ਹੋ ਕੇ ਆਪਣੇ ਗੁਰਮੁਖ ਮਾਪਿਆਂ ਦੇ ਉਜਲ ਨਾਮ ਨੂੰ ਧੱਬਾ ਲਾ ਰਹੇ ਹਨ। ਅਜਿਹੀਆਂ ਕੁਰਾਹੇ ਪਈਆਂ ਔਲਾਦਾਂ ਹੱਥੋਂ ਮਾਪੇ ਦੁਖੀ ਹਨ।

ਅਜਿਹੀ ਦੁਖਦਾਈ ਸਥਿਤੀ ਵਿਚ ਸਾਡਾ ਸਾਰਿਆਂ ਦਾ ਵਿਸ਼ੇਸ਼ ਫਰਜ਼ ਬਣਦਾ ਹੈ ਕਿ ਆਪਣੀ ਔਲਾਦ ਦੀ ਸਮੇਂ ਸਿਰ ਸਾਰ-ਸੰਭਾਲ ਕਰੀਏ ਅਤੇ ਅਜਿਹੇ ਉਪਰਾਲੇ ਕਰਦੇ ਰਹੀਏ, ਜਿਸ ਨਾਲ ਬੱਚਿਆਂ ਦੀ ਰੁਚੀ ਨਾਮ ਬਾਣੀ ਵਲ ਪ੍ਰੇਰਤ ਰਵ੍ਹੇ।

ਉਪ੍ਰੋਕਤ ਸਥਿਤੀ ਨੂੰ ਮੁਖ ਰਖ ਕੇ ਬੱਚਿਆਂ ਵਿਚ ਧਾਰਮਕ ਰੁਚੀਆਂ ਉਜਾਗਰ ਕਰਨ ਹਿਤ ਅਖੰਡ ਕੀਰਤਨੀ ਜਥੇ ਵਲੋਂ ਭਾ:ਸਾ:ਭਾ: ਰਣਧੀਰ ਸਿੰਘ ਸਕਾਲਰਸ਼ਿਪ ਸਕੀਮ ਚਾਲੂ ਕੀਤੀ ਗਈ ਹੋਈ ਹੈ, ਜਿਸ ਅਧੀਨ ਹਰ ਸਾਲ ਗੁਰਬਾਣੀ ਦੇ ਪਠਨ-ਪਾਠਨ ਤੇ ਖਾਲਸਾ ਰਹਿਤ ਬਹਿਤ ਪ੍ਰਤੀ ਲਗਨ ਦੇ ਅਧਾਰ ਤੇ,ਸਕੂਲਾਂ ਕਾਲਜਾਂ ਦੇ ਗੁਰਸਿਖ ਬੱਚਿਆਂ ਨੂੰ ੫੦ -ਰੁਪਏ, ੮੦/-ਰੁਪਏ ਅਤੇ ੧੦੦/-ਰੁਪਏ ਮਹੀਨੇ ਦੇ ਹਿਸਾਬ ਵਜ਼ੀਫ਼ੇ ਦਿਤੇ ਜਾਂਦੇ ਹਨ।

ਇਹ ਸਕੀਮ ਇਕ ਪਾਸੇ ਤਾਂ ਸਾਡੇ ਪਿਆਰ ਤੇ ਸਤਿਕਾਰ ਦੇ ਪਾਤਰ ਭਾ: ਸਾ: ਭਾ: ਰਣਧੀਰ ਸਿੰਘ ਜੀ ਦੀ ਸਹੀ ਅਰਥਾਂ ਵਿਚ ਸਦੀਵੀ ਯਾਦਗਾਰ ਹੈ, ਅਤੇ ਦੂਜੇ ਪਾਸੇ ਸਾਡੇ ਆਪਣੇ ਅਤੇ ਸਾਡੀਆਂ ਔਲਾਦਾਂ ਦੇ ਸੁਖ-ਸ਼ਾਂਤੀ ਅਤੇ ਸਫਲਤਾ ਦੀ ਕੁੰਜੀ ਹੈ।

ਸਾਡਾ ਸਾਰਿਆਂ ਦਾ ਪ੍ਰਮੁਖ ਫ਼ਰਜ਼ ਬਣਦਾ ਹੈ ਕਿ ਇਸ ਸਕੀਮ ਦੀ ਸਫਲਤਾ ਅਤੇ ਪ੍ਰਫੁਲਤਾ ਲਈ ਮਨ, ਬਚ ਕਰਮ ਕਰਕੇ ਸਹਿਯੋਗ ਦੇਵੀਏ।

ਨੋਟ :—ਇਸ ਸਕੀਮ ਸੰਬੰਧੀ ਆਪਣੇ ਵਡ-ਮੁਲੇ ਸੁਝਾਅ ਤੇ ਮਾਇਆ ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਵਲ ਭੇਜੀ ਜਾਏ। ਜੇ ਬੈਂਕ ਡਰਾਫਟ ਜਾਂ ਚੈਕ ਭੇਜਣਾ ਹੋਵੇ ਤਾਂ ਅਖੰਡ ਕੀਰਤਨੀ ਜਥਾ ਅੰਮ੍ਰਿਤਸਰ ਦੇ ਨਾਂ ਤੇ ਕਰਾਸ ਕਰ ਕੇ ਭੇਜੋ ਜੀ।

(੨) ਇਹ ਪ੍ਰੀਖਿਆ ਹਰ ਸਾਲ ਦਿਲੀ ਦੁਸਹਿਰੇ ਸਮੇਂ ਕੀਰਤਨ ਸਮਾਗਮਾਂ ਤੇ ਹੁੰਦੀ ਹੈ ਅਤੇ ਉਸ ਤੋਂ ਪਹਿਲਾਂ ਜੁਲਾਈ ਵਿਚ ਪ੍ਰੀਖਿਆ ਦੇ ਨਿਯਮ ਤੇ ਫ਼ਾਰਮ ਆਦਿ ਦਿਲੀ ਤੋਂ ਮੰਗਵਾਣੇ ਪੈਂਦੇ ਹਨ, ਜਿਸ ਦੀ ਸੂਚਨਾ 'ਸੂਰਾ' ਵਿਚ ਅਤੇ ਹੋਰ ਗੁਰਮੁਖੀ ਅਖ਼ਬਾਰਾਂ ਵਿਚ ਵੀ ਦਿਤੀ ਜਾਂਦੀ ਹੈ।

# ਭਾ: ਸਾ: ਭਾਈ ਰਣਧੀਰ ਸਿੰਘ ਜੀ ਪਾਠ-ਉਤਸ਼ਾਹਤ ਸਕੀਮ

ਅੰਮ੍ਰਿਤਧਾਰੀ, ਰਹਿਤ ਬਹਿਤ ਵਿਚ ਪੂਰੇ ਬੱਚੇ-ਬੱਚੀਆਂ ੨੫ ਸਾਲ ਦੀ ਉਮਰ ਦੇ ਅੰਦਰ ਅੰਦਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਲੜੀਦਾਰ ਸਰੂਪ ਤੋਂ ਘਟੋ ਘਟ ੩੦ ਪੰਨੇ ਘੰਟੇ ਦੀ ਯੋਗਤਾ ਰਖਣ ਵਾਲੇ ਭਾਈ ਬਲਬੀਰ ਸਿੰਘ ਜੀ, ੧੨੬ ਮਾਡਲ ਟਾਊਨ ਲੁਧਿਆਣਾ ਦੇ ਪਤੇ ਤੇ ੩੧ ਦਸੰਬਰ ੧੯੮੩ ਤਕ ਆਪਣੀਆਂ ਦਰਖ਼ਾਸਤਾਂ ਭੇਜ ਸਕਦੇ ਹਨ। ਦਰਖਾਸਤ ਵਿਚ ਆਪਣਾ ਨਾਂ, ਪਿਤਾ ਦਾ ਨਾਂ, ਜਨਮ ਦੀ ਤਰੀਕ ਤੇ ਆਪਣਾ ਪੂਰਾ ਪਤਾ ਲਿਖ ਭੇਜੋ ਜੀ। ਪ੍ਰੀਖਿਆ ਵਿਚ ਪਾਠ ਦੀ ਸਪੀਡ ਦੇ ਨਾਲ ਸ਼ੁਧ ਉਚਾਰਨ ਦਾ ਖਿਆਲ ਰਖਣਾ ਜ਼ਰੂਰੀ ਹੈ। ਕੋਈ ਸਜਣ ਐਸਾ ਸ਼ਾਮਲ ਨਾ ਹੋਵੇ ਜੋ ਅਖੰਡ-ਪਾਠਾਂ ਦੀ ਭੇਟਾ ਨਿਜੀ ਕੰਮਾਂ ਲਈ ਵਰਤਦਾ ਹੋਵੇ! ਪ੍ਰੀਖਿਆ ਸਮੇਂ ਜਨਮ ਤ੍ਰੀਕ ਲਈ ਸਕੂਲ ਕਾਲਜ ਆਦਿ ਦਾ ਸਰਟੀਫ਼ੀਕੇਟ ਨਾਲ ਲਿਆਉਣਾ ਜ਼ਰੂਰੀ ਹੈ।

ਇਹ ਪ੍ਰੀਖਿਆ ੯ ਜਨਵਰੀ ੧੯੮੪ ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ ਦੀ ਉਪਰਲੀ ਮੰਜ਼ਲ ਤੇ ਤਿੰਨ ਵਜੇ ਸ਼ਾਮ ਨੂੰ ਹੋਵੇਗੀ।

ਦਾਸਰਾ—ਜਥੇਦਾਰ, ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਅੰਮ੍ਰਿਤਸਰ

## ੧੯੮੩ ਵਿਚ ਦਿਤੇ ਗਏ ਸਕਾਲਰਸ਼ਿਪ

ਉਪਰੋਕਤ ਸਕੀਮ ਅਧੀਨ ਪਿਛਲੇ ਸਾਲ ੮ ਬਚਿਆਂ ਨੇ ਸਕਾਲਰਸ਼ਿਪ ਪ੍ਰਾਪਤ ਕੀਤੇ ਸਨ। ਇਸ ਸਾਲ ੧੫ ਨੂੰ ਇੰਟਰਵੀਊ ਲਈ ਬੁਲਾਇਆ ਗਿਆ ਸੀ, ਜਿਨ੍ਹਾਂ ਵਿਚੋਂ ਦੋ ਬੱਚੇ ਤਾਂ ਕਿਸੇ ਖਾਸ ਕਾਰਨ ਕਰਕੇ ਆਏ ਹੀ ਨਹੀਂ ਅਤੇ ਦੋ ਬੱਚੇ ਕੰਠਾਗਰ ਬਾਣੀ ਦੀ ਪ੍ਰੀਖਿਆ ਵਿਚੋਂ ਪਾਸ ਨਾ ਹੋ ਸਕੇ। ਬਾਕੀ ਗਿਆਰਾਂ ਬੱਚੇ ਸਕਾਲਰਸ਼ਿਪ ਲਈ ਯੋਗ ਸਮਝੇ ਗਏ। ਇਨ੍ਹਾਂ ਦੇ ਵਿਸਥਾਰ ਪੂਰਬਕ ਨਾਮ ਅਗਲੇ ਪਰਚੇ ਵਿਚ ਦਿਤੇ ਜਾਣਗੇ।

ਸਾਡੀ ਚਾਹਨਾ ਹੈ ਕਿ ਗੁਰਸਿਖ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਵਿਦਿਆ ਪ੍ਰਾਪਤ ਕਰ ਰਹੇ ਵਧ ਤੋਂ ਵਧ ਬੱਚੇ, ਇਸ ਸਕੀਮ ਅਧੀਨ, ਇਨ੍ਹਾਂ ਗੁਰਮਤੀ ਪ੍ਰੀਖਿਆਵਾਂ ਵਿਚ ਸ਼ਾਮਲ ਹੋ ਕੇ, ਇਸ ਦਾ ਲਾਭ ਪ੍ਰਾਪਤ ਕਰ ਸਕਣ।

---

## ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ ਅੰਮ੍ਰਿਤਸਰ

੧੯੭੮ ਵੈਸਾਖੀ ਤੋਂ ਅੱਜ ਤਕ ਦੇ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ ੧੨ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਕੀਰਤਨ ਸਮਾਗਮ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਸੂਚਨਾ ਭੇਜਦੇ ਹਨ ਕਿ ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਹੇਠ ਲਿਖੇ ਕੀਰਤਨ ਪ੍ਰੋਗਰਾਮ ਹੋ ਰਹੇ ਹਨ—

ਰੈਣ ਸਬਾਈ ਮਿਤੀ ੧੨-੧੧-੮੩ ਸਨਿਚਰਵਾਰ ੭ ਵਜੇ ਸ਼ਾਮ ਅਰੰਭ, ਭੋਗ ੧੩-੧੧-੮੩ ਸਵੇਰੇ ੬ ਵਜੇ
ਗੁਰਦਵਾਰਾ ਸਾਹਿਬ ਰੈਡਿੰਗ, ੩੦–੩੨ Cumberland Road, ਫੋਨ : ੦੭੩੪-੬੮੩੫੩

ਪ੍ਰਧਾਨ ਫ਼ੋਨ : ੦੪੨੭੪-੬੬੧੭੭੧, ਭਾਈ ਗੁਰਨਾਮ ਸਿੰਘ ਫੋਨ : ੦੭੩੪-੬੭੯੦੦

ਨੋਟ :—ਯੂ. ਕੇ. ਦੀਆਂ ਸੰਗਤਾਂ ਯੂ. ਐਨ. ਓ. ਦੇ ਕੇਸ ਦੀ ਵਧੇਰੇ ਜਾਣਕਾਰੀ ਵਾਸਤੇ ਭਾਈ ਗੁਰਦੇਵ ਸਿੰਘ ਜੀ ਗਿਲ ਹਡਰਸ ਫ਼ੀਲਡ ਫ਼ੋਨ ਨੰ: ੦੪੮੪–੨੪੩੧੧ ਤੋਂ ਪੁਛ ਪ੍ਰਤੀਤ ਕਰਨ।

---

## ਹਾਲੈਂਡ ਵਿਚ ਨਿਰੰਕਾਰੀ ਗੁਰਪੁਰਬ ਸਮਾਗਮ

ਭਾਈ ਰਾਜਿੰਦਰ ਸਿੰਘ ਜੀ ਡਡਲੀ ਯੂ. ਕੇ. ਤੋਂ ਸੂਚਨਾ ਦਿੰਦੇ ਹਨ ਕਿ ਹਾਲੈਂਡ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ-ਉਤਸਵ ਗੁਰਪੁਰਬ ਦੇ ਸੰਬੰਧ ਵਿਚ ਸ੍ਰੀ ਅਖੰਡਪਾਠ ਤੇ ਅੰਮ੍ਰਿਤ ਸਿੰਚਾਰ ਸਮਾਗਮ ੨੦ ਨਵੰਬਰ ਨੂੰ ਹੋ ਰਹੇ ਹਨ।

ਗੁਰਦਵਾਰਾ ਸਾਹਿਬ, 2 DE Wetering Dwaars St. 36, Amsterdam. Holland

ਪੁਛ ਗਿਛ-ਭਾਈ ਸੁਚਾ ਸਿੰਘ ਜੀ ਅਮੈਸਟਰਡਾਮ, ਫੋਨ ੦੨੦–੨੨੩੭੧੨. ਅਖੰਡ ਕੀਰਤਨੀ ਜਥਾ ਹਾਲੈਂਡ

---

## ਕੈਲੀਫ਼ੋਰਨੀਆ (ਅਮਰੀਕਾ) ਵਿਖੇ ਰੈਣ ਸਬਾਈ ਕੀਰਤਨ

ਭਾਈ ਪਰਮਜੀਤ ਸਿੰਘ ਜਾਂਡਾ ਸੂਚਨਾ ਦਿੰਦੇ ਹਨ ਕਿ ੨੩ ਨਵੰਬਰ ਬੁਧਵਾਰ ਦੀ ਰਾਤ ਨੂੰ ਫ਼ਰੀਮੌਂਟ ਗੁਰਦੁਆਰਾ ਕੈਲੇਫੋਰਨੀਆ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਭਾਈ ਜੀਵਨ ਸਿੰਘ ਜੀ, ਭਾਈ ਮਹਿੰਦਰ ਸਿੰਘ ਤੇ ਭਾਈ ਚਾਨੀ ਜੀ ਆਦਿ ਗੁਰਮੁਖ ਸ਼ਾਮਲ ਹੋ ਰਹੇ ਹਨ।

ਪੁਛ ਗਿਛ—ਭਾਈ ਜੋਗਿੰਦਰ ਸਿੰਘ ਖਾਲਸਾ ਕੈਲੇਫ਼ੋਰਨੀਆ ਫੋਨ : ੭੦੭-੪੨੬-੪੧੪੯

ਗੁਰਸਿਖਾਂ ਪਾਸ ਜੋਦੜੀ—ਦਾਸਾਂ ਵਲੋਂ ਵੀਕ-ਐਂਡ ਤੇ ਸਨਿਚਰ ਜਾਂ ਐਤਵਾਰ ਨੂੰ ਕੈਲੇਫੋਰਨੀਆ ਬੇ ਏਰੀਆ ਵਿਖੇ ਅੰਮ੍ਰਿਤ ਵੇਲੇ ਤਿੰਨ ਵਜੇ ਤੋਂ ਨਾਮ-ਬਾਣੀ ਦੇ ਪ੍ਰੋਗਰਾਮ ਕੀਤੇ ਜਾਂਦੇ ਹਨ। ਨਾਮ ਦੇ ਰਸੀਏ ਗੁਰਮੁਖ ਵੀਰ ਭੈਣਾਂ ਆਪਣੀ ਸੰਗਤ ਦਾ ਲਾਭ ਬਖ਼ਸ਼ਣ। ਪ੍ਰੇਮੀ ਸਜਣ ਫੋਨ ਤੇ ਪ੍ਰੋਗਰਾਮ ਦਾ ਪਤਾ ਕਰ ਸਕਦੇ ਹਨ।

---

## ਪਿੰਡ ਟਾਲੀ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਸੰਤੋਖ ਸਿੰਘ ਜੀ ਪੰਜਾਬ ਸਿੰਧ ਬੈਂਕ ਵਾਲੇ ਇਤਲਾਹ ਦਿੰਦੇ ਹਨ ਕਿ ਉਪਰੋਕਤ ਕੀਰਤਨ ਭਾਈ ਗੁਲਜ਼ਾਰ ਸਿੰਘ ਜੀ ਖ਼ਾਲਸਾ ਦੇ ਗ੍ਰਿਹ ਵਿਖੇ ੫ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਹੋ ਰਹੇ ਹਨ। ਇਹ ਪਿੰਡ ਸੁਬਾਨਪੁਰ-ਟਾਂਡਾ ਰੋਡ ਤੇ ਬੇਗੋਵਾਲ ਤੋਂ ਢਾਈ ਕਿਲੋਮੀਟਰ ਹੈ। ਟਰਾਲੀ ਦਾ ਪਰਬੰਧ ਵੀ ਕੀਤਾ ਗਿਆ ਹੈ।

---

## ਫ਼ੀਰੋਜ਼ਪੁਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗਦੀ-ਨਸ਼ੀਨੀ ਸਮਾਗਮ

ਭਾਈ ਬਲਵੰਤ ਸਿੰਘ ਖ਼ਾਲਸਾ ਦੇ ਗ੍ਰਿਹ ਕਾਂਸ਼ੀ ਨਗਰੀ ਵਿਖੇ ੧੦ ਤੋਂ ੧੨ ਨਵੰਬਰ ਸ੍ਰੀ ਅਖੰਡਪਾਠ ਹੋਣਗੇ। ਨਵੰਬਰ ੧੧ ਨੂੰ ਸ਼ਾਮ ੭ ਤੋਂ ੯-੩੦ ਤਕ ਕੀਰਤਨ ਖਾਲਸਾ ਗੁਰਦੁਆਰਾ ਫ਼ੀਰੋਜ਼ਪੁਰ ਛਾਉਣੀ ਵਿਖੇ ਹੋਣਗੇ। ਨਵੰਬਰ ੧੨ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ੧੨ ਵਜੇ ਦੁਪਹਿਰ ਤਕ ਕੀਰਤਨ ਹੋਣਗੇ। ਰਾਤ ਨੂੰ ਰੈਣ ਸਬਾਈ ਕੀਰਤਨ ਮਾਲਵਾ ਖ਼ਾਲਸਾ ਹਾ: ਸੈ: ਸਕੂਲ ਫੀਰੋਜ਼ਪੁਰ ਵਿਖੇ (ਨੇੜੇ ਸ਼ਹੀਦ ਊਧਮ ਸਿੰਘ ਚੌਕ) ਹੋਵੇਗਾ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

ਰਿਹਾਇਸ਼ ਤੇ ਪੁਛ ਗਿਛ—ਭਾ: ਬਲਵੰਤ ਸਿੰਘ ਖਾਲਸਾ, ਖਾਲਸਾ ਨਿਵਾਸ ਗਲੀ ਨੰ: ੨, ਕਾਂਸ਼ੀ ਨਗਰੀ, ਫੀਰੋਜ਼ਪੁਰ ਸ਼ਹਿਰ

ਦਾਸਰੇ—ਅਖੰਡ ਕੀਰਤਨੀ ਜਥਾ, ਫ਼ੀਰੋਜ਼ਪੁਰ ਸ਼ਹਿਰ

---

## ਪਿੰਡ ਘਨਗਸ (ਲੁਧਿਆਣਾ) ਵਿਖੇ ਅਖੰਡ ਕੀਰਤਨ ਸਮਾਗਮ

ਡਾਕਟਰ ਕੌਰ ਸਿੰਘ ਜੀ ਦੇ ਗ੍ਰਿਹ ਘਨਗਸ ਵਿਖੇ ੧੨ ਨਵੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਇਕ ਵਜੇ ਤਕ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣੇ ਹਨ। ਲਾਹੇ ਪ੍ਰਾਪਤ ਕਰੋ ਜੀ।

---

## ਬਰਨਾਲਾ ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਬਰਨਾਲਾ ਵਲੋਂ ਧਰਮਸਾਲਾ ਬਾਬਾ ਨਾਮਦੇਵ ਜੀ, ਕਚਾ ਕਾਲਜ ਰੋਡ ਬਰਨਾਲਾ ਵਿਖੇ ੧੨ ਨਵੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖ਼ਸ਼ੋ ਜੀ।

www.AKJ.Org

# ਪੋਹ ਸੁਦੀ ਸਤਮੀ ਦਾ ਕੇਂਦਰੀ ਸਾਲਾਨਾ ਸਮਾਗਮ ਲੁਧਿਆਣਾ ਵਿਖੇ

**ਐਤਵਾਰ ਸਵੇਰ ੮ ਤੋਂ ੧੧ ਜਨਵਰੀ ੮੪ ਬੁਧਵਾਰ ਸਵੇਰ ਤਕ** (ਵੇਰਵਾ ਆਉਂਦੇ ਪਰਚੇ 'ਚ)

---

ਕਲਿਜੁਗ ਦੇ ਸਿਕਦਾਰ ਨਾਨਕ ਨਿਰੰਕਾਰੀ ਦੇ ਆਗਮਨ ਪੁਰਬ ਸਮੇਂ

# ਜਲੰਧਰ ਵਿਖੇ ਸਾਲਾਨਾ ਪੁਰਬ ਸਮੇਂ ਅਖੰਡ ਕੀਰਤਨ ਸਮਾਗਮ

## ੧੮ ਨਵੰਬਰ ਸ਼ੁਕਰਵਾਰ ਸਵੇਰ ਤੋਂ ੨੧ ਨਵੰਬਰ ਸੋਮਵਾਰ ਸਵੇਰ ਤਕ

ਹਰ ਸਾਲ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਉਤਸਵ ਗੁਰਪੁਰਬ ਜਲੰਧਰ ਸ਼ਹਿਰ ਵਿਖੇ ਮਨਾਇਆ ਜਾ ਰਿਹਾ ਹੈ। ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਸੰਗੀ-ਸਾਥੀ ਅਖੰਡ ਕੀਰਤਨੀ ਜਥੇ ਦੂਰੋਂ ਨੇੜਿਓਂ ਪੁਜਣਗੇ ਤੇ ਹਰੀ-ਜਸ ਕੀਰਤਨ ਦੇ ਲਾਹੇ ਭੁੰਚਣ-ਭੁੰਚਾਉਣਗੇ। ਸਮੂਹ ਵੀਰ ਭੈਣਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

੧੮ ਨਵੰਬਰ ਸਵੇਰ ੩ ਤੋਂ ੫ ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ—ਲਾਇਲਪੁਰ ਖਾ: ਹਾ: ਸੈ: ਸਕੂਲ<br>
ਸ਼ਾਮ ੬ ਤੋਂ ੯ ਸੋਦਰ ਰਹਿਰਾਸ ਉਪਰੰਤ ਅਖੰਡ ਕੀਰਤਨ—ਗੁਰਦੁਆਰਾ ਮਹੱਲਾ ਮਖਦੂਮਪੁਰਾ, ਨਕੋਦਰ ਰੋਡ<br>
੧੯ ਨਵੰਬਰ ਸਵੇਰੇ ੫ ਤੋਂ ੧੧ ਕੀਰਤਨ ਆਸਾ ਦੀ ਵਾਰ " "<br>
ਸ਼ਾਮ ੭ ਤੋਂ ੯ ਸੋਦਰ ਰਹਿਰਾਸ ਉਪਰੰਤ ਅਖੰਡ ਕੀਰਤਨ— ਲਾਇਲਪੁਰ ਖਾ: ਹਾ: ਸੈ: ਸਕੂਲ<br>
੨੦ ਨਵੰਬਰ ਸਵੇਰੇ ੫ ਵਜੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ਕੀਰਤਨ ੧੨ ਵਜੇ ਦੁਪਹਿਰ ਤਕ " "<br>
ਸ਼ਾਮ ੪ ਵਜੇ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ " "<br>
ਰਾਤ ੭ ਵਜੇ ਸੋਦਰ ਰਹਿਰਾਸ ਉਪ੍ਰੰਤ ਰੈਣ ਸਬਾਈ ਕੀਰਤਨ ਅਰੰਭ, ੨੧ ਨਵੰਬਰ ਸਵੇਰੇ ਸਮਾਪਤੀ " "

ਨੋਟ—ਰਿਹਾਇਸ਼ ਤੇ ਲੰਗਰ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ ਜਲੰਧਰ ਸ਼ਹਿਰ ਵਿਖੇ।<br>
(੨) ਲੋੜ ਅਨੁਸਾਰ ਬਿਸਤਰੇ ਲਿਆਉਣੇ ਜੀ।

ਪੁਛ ਗਿਛ : ਮੈ: ਜਸਵੰਤਸਿੰਘ ਹਰਭਜਨਸਿੰਘ, ਚੌਕ ਭਗਤਸਿੰਘ, ਜਲੰਧਰ, ਫੋਨ ੭੫੨੧੨ ਪ੍ਰਾਰਥਕ ਦਾਸਰੇ<br>
(੨) ਕਰਨਲ ਦਲਜੀਤ ਸਿੰਘ, ਮਿਠਾਪੁਰ, ਜਲੰਧਰ, ਫੋਨ ੨੩੫੨ ਅਖੰਡ ਕੀਰਤਨੀ ਜਥਾ, ਜਲੰਧਰ

---

## ਪਟਨਾ ਸਾਹਿਬ (ਬਿਹਾਰ) ਵਿਖੇ ਸ਼ਹੀਦੀ ਗੁਰਪੁਰਬ ਸਮਾਗਮ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਅਖੰਡ ਕੀਰਤਨੀ ਜਥਿਆਂ ਵਲੋਂ ੮-੯-੧੦ ਦਸੰਬਰ ਨੂੰ ਮਨਾਏ ਜਾ ਰਹੇ ਹਨ। ਸਮੁਚੇ ਸਮਾਗਮ ਤਖ਼ਤ ਹਰਿਮੰਦਿਰ ਸਾਹਿਬ ਵਿਖੇ ਹੋਣਗੇ। ਦਿਲੀ, ਕਾਨਪੁਰ ਤੋਂ ਇਲਾਵਾ ਪੰਜਾਬ ਤੋਂ ਵੀ ਕੀਰਤਨੀ ਜਥੇ ਪੁਜ ਰਹੇ ਹਨ। ਸੰਗਤਾਂ ਤਖ਼ਤ ਸਾਹਿਬ ਦੇ ਪਾਵਨ ਦਰਸ ਪਰਸ ਕੇ ਅਤੇ ਕੀਰਤਨ ਦੇ ਲਾਹੇ ਪ੍ਰਾਪਤ ਕਰਨ। ਰਿਹਾਇਸ਼ ਦਾ ਪਰਬੰਧ ਤਖ਼ਤ ਸਾਹਿਬ ਦੇ ਰਿਹਾਇਸ਼ੀ ਕੰਪਲੈਕਸ ਵਿਖੇ ਹੋਵੇਗਾ। ਲੋੜ ਅਨੁਸਾਰ ਬਿਸਤਰੇ ਲਈ ਆਉਣਾ ਜੀ। ਪੁਛ ਗਿਛ-ਬੱਗਾ ਫੈਨਸੀ ਸਟੋਰ, ਹਰਿਮੰਦਰ ਗਲੀ, ਪਟਨਾ ਸਿਟੀ ਦਾਸਰੇ-ਅਖੰਡ ਕੀਰਤਨੀ ਜਥਾ, ਪਟਨਾ

---

## ਗੁ: ਅੰਬ ਸਾਹਿਬ ਪਾ: ੭ ਮੋਹਾਲੀ ਵਿਖੇ ਅਖੰਡ ਕੀਰਤਨ ਸਮਾਗਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਗੁਰਗਦੀ ਨਸ਼ੀਨੀ ਗੁਰਪੁਰਬ ਦੇ ਸੰਬੰਧ ਵਿਚ ਅਖੰਡ ਕੀਰਤਨੀ ਜਥਿਆਂ ਵਲੋਂ ਕੀਰਤਨ ਸਮਾਗਮ ਮੋਹਾਲੀ ਵਿਖੇ ਹੋ ਰਹੇ ਹਨ। ੪ ਨਵੰਬਰ ਸਵੇਰੇ ੪ ਤੋਂ ੭ ਕੀਰਤਨ ਅਤੇ ਅਰੰਭ ਸ੍ਰੀ ਅਖੰਡਪਾਠ, ੬ ਤੋਂ ੯ ਤਕ ਅਖੰਡ ਕੀਰਤਨ, ੫ ਨਵੰਬਰ ਸਵੇਰੇ ੫ ਤੋਂ ੧੨ ਤਕ ਅਤੇ ਸ਼ਾਮ ੬ ਤੋਂ ੯ ਤਕ ਅਖੰਡ ਕੀਰਤਨ। ੬ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ ਉਪਰੰਤ ਅਖੰਡ ਕੀਰਤਨ ਸ਼ਾਮ ੬ ਵਜੇ ਤਕ। ਅੰਮ੍ਰਿਤ ਸਿੰਚਾਰ ੬ ਨਵੰਬਰ ਸਵੇਰੇ ਅਰੰਭ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

ਨੋਟ :—ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾਤਸ਼ਾਹੀ ਸਤਵੀਂ ਮੋਹਾਲੀ ਫੇਸ ਅੱਠ ਚੰਡੀਗੜ੍ਹ ਬਰਾਸਤਾ ਲਾਂਡਰਾਂ ਚੁਨੀ, ਸਰਹੰਦ ਰੋਡ ਤੇ ਹੈ। ਚੰਡੀਗੜ੍ਹ ਤੋਂ ਬਸ ਨੰ: ੧੯, ੨੦, ੩੮, ੩੯ ਤੇ ੩੯ੲ ਲੋਕਲ ਬਸਾਂ ਮਿਲਦੀਆਂ ਹਨ। ਕੀਰਤਨ ਕੰਠਾਗਰ ਬਾਣੀ ਦਾ ਹੋਵੇਗਾ। ਪੁਛ ਗਿਛ—(੧) ਭਾ: ਸਾ: ਆਤਮਾ ਸਿੰਘ ਜੀ, ਪੰਜੋਖਰਾ ਸਾਹਿਬ ਦਾਸਰੇ<br>
(੨) ਭਾ:ਸਾ:ਸ਼ੇਰ ਸਿੰਘ ਹੈਡ ਗ੍ਰੰਥੀ ਸ੍ਰੀ ਅੰਬ ਸਾਹਿਬ,ਮੋਹਾਲੀ ਅਖੰਡ ਕੀਰਤਨੀ ਜਥਾ ਅੰਬਾਲਾ,ਮੋਹਾਲੀ ਚੰਡੀਗੜ੍ਹ

---

## ਪਿੰਡ ਬੁਢੇਵਾਲ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਸੂਚਨਾ ਦਿੰਦੇ ਹਨ ਕਿ ਭਾਈ ਸੰਤੋਖ ਸਿੰਘ ਦੇ ਗ੍ਰਿਹ ਪਿੰਡ ਬੁਢੇਵਾਲ ਵਿਖੇ ੨੬ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

---



www.AKJ.Org